# ਸਾਲਾਨਾ ਰਿਪੋਰਟ

## ਸਰਕਾਰੀ ਕਾਲਜ ਲੜਕੀਆਂ, ਪਟਿਆਲਾ

**2017-18**

ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਪਰਮ ਸਤਿਕਾਰਯੋਗ **ਪ੍ਰੋ.(ਡਾ.)ਬੀ.ਐਸ. ਘੁੰਮਣ (ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ)** ਵੱਖ-ਵੱਖ ਕਾਲਜਾਂ ਤੋਂ ਆਏ ਪ੍ਰਿੰਸੀਪਲ ਸਾਹਿਬਾਨ, ਪ੍ਰਾਧਿਆਪਕ ਮੰਡਲ, ਸਾਬਕਾ ਅਧਿਆਪਕ, ਪੀ.ਟੀ.ਏ. ਅਤੇ ਓ.ਐਸ.ਏ. ਦੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ, ਪੱਤਰਕਾਰ ਅਤੇ ਪਤਵੰਤੇ ਸੱਜਣ, ਕਾਲਜ ਦੇ ਸਟਾਫ਼ ਮੈਂਬਰਜ਼ ਤੇ ਪਿਆਰੇ ਵਿਦਿਆਰਥੀਓ।

ਅੱਜ ਦੇ ਇਸ ਇਨਾਮ ਵੰਡ ਸਮਾਰੋਹ ਵਿੱਚ ਮੈਂ ਆਪ ਸਭ ਦਾ ਤਹਿ ਦਿਲੋਂ ਸੁਆਗਤ ਕਰਦੀ ਹਾਂ ਅਤੇ ਆਪ ਸਭ ਨੂੰ '**ਜੀ ਆਇਆ ਨੂੰ**' ਆਖਦੀ ਹਾਂ। ਸਾਡੇ ਲਈ ਇਹ ਬੇਹੱਦ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਸਾਡੇ ਅੱਜ ਦੇ ਸਮਾਰੋਹ ਦੀ ਸ਼ੋਭਾ ਵਧਾਉਣ ਲਈ ਪ੍ਰਬੁੱਧ ਵਿਦਵਾਨ **ਪ੍ਰੋ.(ਡਾ.) ਬੀ.ਐਸ. ਘੁੰਮਣ ਜੀ** ਸਾਡੇ ਦਰਮਿਆਨ ਤਸ਼ਰੀਫ ਲਿਆਏ ਹਨ ਜੋ ਮੂਲ ਰੂਪ ਵਿੱਚ ਅਰਥਸ਼ਾਸ਼ਤਰ ਦੇ ਗੰਭੀਰ ਖੋਜੀ ਅਤੇ ਵਿਦਵਾਨ ਹਨ।ਡਾ. ਘੁੰਮਣ ਨੇ ਆਪਣੇ ਤਕਰੀਬਨ ਚਾਰ ਦਹਾਕਿਆਂ ਦੇ ਅਧਿਆਪਨ ਕਾਰਜ ਦੌਰਾਨ Dean, Faculty of Arts, Punjab Uni. Chandiagarh, Founder Coordinator : Research Promotion Cell Canadian Studies Centre, Peer Team Member of NAAC for Accrediting Universities, Dean Social Sciences and humanities Maharaja Punjab Singh State Technical University, Bathinda, Member of Senate and Syndicate of Punjab University, Chandigarh ਆਦਿ ਜਿੰਮੇਵਾਰੀਆਂ ਬਾਖੂਬੀ ਨਿਭਾਈਆਂ।ਆਪ ਪੰਜਾਬ ਸਰਕਾਰ ਦੇ **ਪੰਜਵੇਂ ਪੇਅ ਕਮਿਸ਼ਨ** ਦੇ ਮੈਂਬਰ ਅਤੇ ਚੀਫ ਫਾਇਨਾਂਸ ਅਤੇ ਇਕਨਾਮਿਕ ਅਡਵਾਈਜ਼ਰ ਵੀ ਰਹੇ। ਆਪ ਕਈ ਅਕਾਦਮਿਕ ਅਤੇ ਪ੍ਰਬੰਧਕੀ ਕਮੇਟੀਆਂ ਦੇ ਮੈਂਬਰ ਵੀ ਹੋ। ਪ੍ਰੋ.(ਡਾਂ) ਬੀ.ਐਸ. ਘੁੰਮਣ ਇੱਕ ਪ੍ਰਬੁੱਧ ਚਿੰਤਕ , ਗੰਭੀਰ ਖੋਜੀ ਅਤੇ ਆਪਣੇ ਵਿਸ਼ੇ ਦੇ ਮਾਹਿਰ ਵਿਦਵਾਨ ਹਨ ਜਿਹਨਾਂ ਨੇ ਹੁਣ ਤੱਕ ਤਕਰੀਬਨ 20 ਅੰਤਰਰਾਸ਼ਟਰੀ ਅਤੇ 80 ਰਾਸ਼ਟਰੀ ਕਾਨਫਰੰਸਾਂ ਵਿੱਚ ਭਾਗ ਲਿਆ ਅਤੇ ਕਈ ਕੁੰਜੀਵਤ ਭਾਸ਼ਣ ਦਿੱਤੇ।ਆਪ ਜੀ ਦੀਆਂ 03 ਕਿਤਾਬਾਂ ਅਤੇ 73 ਰਿਸਰਚ ਪੇਪਰ ਛਪ ਚੁੱਕੇ ਹਨ। ਆਪ ਜੀ ਦੀ ਸੁਯੋਗ ਅਗਵਾਈ ਵਿੱਚ 16 ਖੋਜਾਰਥੀ ਆਪਣੀ ਪੀ.ਐਚ.ਡੀ. ਦੀ ਡਿਗਰੀ ਅਤੇ 17 ਐਮ.ਫਿਲ ਦੀ ਡਿਗਰੀ ਪ੍ਰਾਪਤ ਕਰ ਚੁੱਕੇ ਹਨ।ਆਪ ਨੇ ਕਈ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰੀ ਰਿਸਰਚ ਪਰੋਜੈਕਟ ਵੀ ਮੁਕੰਮਲ ਕੀਤੇ।ਨਿਰਸੰਦੇਹ ਪ੍ਰੋ. (ਡਾ.) ਬੀ.ਐਸ. ਘੁੰਮਣ ਜੀ ਬਹੁਪੱਖੀ ਪ੍ਰਤਿਭਾ ਦੇ ਮਾਲਕ ਹਨ।

ਅਸੀ ਆਪ ਜੀ ਦੇ ਬਹੁਤ ਰਿਣੀ ਹਾਂ ਕਿ ਆਪ ਜੀ ਆਪਣੀ ਅਤਿ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਇੱਥੇ ਤਸ਼ਰੀਫ਼ ਲਿਆਏ ਹੋ, ਆਪ ਜੀ ਦੀ ਆਮਦ ਨਾਲ ਸਾਡੀਆਂ ਵਿਦਿਆਰਥਣਾਂ ਨੂੰ ਬਹੁਤ ਪ੍ਰੇਰਨਾ ਮਿਲੇਗੀ ਅਤੇ ਆਪ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਸਾਡੀਆਂ ਵਿਦਿਆਰਥਣਾਂ ਜੀਵਨ ਵਿੱਚ ਹੋਰ ਤੱਰਕੀ ਕਰਨਗੀਆਂ। ਮੈਂ ਆਪ ਜੀ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਇੱਥੇ ਆਉਣ ਤੇ ਇੱਕ ਵਾਰੀ ਫਿਰ '**ਜੀ ਆਇਆ ਨੂੰ**' ਕਹਿੰਦੀ ਹਾਂ।

**ਕਾਲਜ ਦਾ ਪਿਛੋਕੜ**

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਉੱਤਰੀ ਭਾਰਤ ਦੀ ਇੱਕ ਨਾਮਵਾਰ ਸੰਸਥਾ ਹੈ।ਮੈਨੂੰ ਇਹ ਦੱਸਦਿਆਂ ਬੜੀ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ 2016 ਵਿੱਚ ਰਾਸ਼ਟਰੀ ਸੰਸਥਾ ***NAAC ਵੱਲੋਂ 'ਏ' ਗਰੇਡ*** ਹਾਸਿਲ ਕਰਨ ਵਾਲੀ ਇਹ ਸੰਸਥਾ , 2017 ਵਿੱਚ ਆਪਣੇ 75 ਵਰਿਆਂ ਦਾ ਸ਼ਾਨਦਾਰ ਸਫਰ ਕਾਮਯਾਬੀ ਦੀ ਬੁਲੰਦੀਆਂ ਨੂੰ ਛੂੰਹਦੇ ਹੋਏ ਮੁਕੰਮਲ ਕਰ ਚੁੱਕੀ ਹੈ। 20 ਜੂਨ , 1942 ਨੂੰ ਇਸ ਦੀਆਂ ਕਲਾਸਾਂ ਵਿਕਟੋਰੀਆ ਗਰਲਜ਼ ਸਕੂਲ , ਪਟਿਆਲਾ ਵਿਖੇ ਸ਼ੁਰੂ ਹੋਈਆਂ। ਉਸ ਸਮੇਂ ਇਸ ਦਾ ਨਾਂ ਵਿਕਟੋਰੀਆ ਗਰਲਜ਼ ਕਾਲਜ ਰੱਖਿਆ ਗਿਆ।ਪੈਪਸੂ ਸਰਕਾਰ ਨੇ 1950 ਵਿੱਚ ਇਸ ਨੂੰ ਡਿਗਰੀ ਕਾਲਜ ਵਿੱਚ ਤਬਦੀਲ ਕੀਤਾ । ਇਹ ਪੈਪਸੂ ਸਰਕਾਰ ਦਾ ਪਹਿਲਾ ਲੜਕੀਆਂ ਦਾ ਡਿਗਰੀ ਕਾਲਜ ਸੀ।ਇਸ ਉਪਰੰਤ ਇਸ ਦਾ ਨਾਂ ਬਦਲ ਕੇ 'ਗੌਰਮਿੰਟ ਕਾਲਜ ਫਾਰ ਵਿਮੈਨ' ਰੱਖਿਆ ਗਿਆ।

ਕਾਲਜ ਦੀ ਵਰਤਮਾਨ ਇਮਾਰਤ ਦਾ ਰਸਮੀ ਤੌਰ ਤੇ ਉਸ ਵਕਤ ਦੇ ਉਪ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ 23 ਜਨਵਰੀ 1954 ਵਿੱਚ ਰੱਖ ਕੇ ਇਸ ਦਾ ਮਾਣ ਵਧਾਇਆ।ਮਹਾਰਾਣੀ ਮਹਿੰਦਰ ਪਾਲ ਕੌਰ ਜੀ ਨੇ 17 ਮਾਰਚ 1954 ਨੂੰ ਆਪਣੇ ਕਰ ਕਮਲਾਂ ਨਾਲ ਇਸ ਦਾ ਉਦਘਾਟਨ ਕਰਕੇ ਇਸ ਸੰਸਥਾ ਨੂੰ ਗੌਰਵ ਪ੍ਰਦਾਨ ਕੀਤਾ। ਕਾਲਜ ਵਿਖੇ 1992 ਵਿਖੇ ਹੋਏ ਗੋਲਡਨ ਜੁਬਲੀ ਸਮਾਰੋਹ ਦੌਰਾਨ ਸਵਰਗਵਾਸੀ ਸ. ਬੇਅੰਤ ਸਿੰਘ ਤਦ ਮੁੱਖ ਮੱਤਰੀ ਪੰਜਾਬ ਨੇ ਇਸ ਕਾਲਜ ਦਾ ਨਾਂ ਸਰਕਾਰੀ ਕਾਲਜ ਫਾਰ ਵਿਮੈਨ ਤੋਂ ਬਦਲ ਕੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ (ਮੌਜੂਦਾ ਨਾਮ) ਰੱਖਿਆ।ਇਸ ਸਮੇਂ ਤੋਂ ਲੈਕੇ ਹੁਣ ਇਹ ਕਾਲਜ ਮਾਲਵਾ ਖੇਤਰ ਦੀਆਂ ਲੜਕੀਆਂ ਨੂੰ ਵਧੀਆ ਅਤੇ ਮਿਆਰੀ ਢੰਗ ਨਾਲ ਸਿੱਖਿਆ ਦਿੰਦਾ ਆ ਰਿਹਾ ਹੈ।ਆਪਣੀਆਂ ਸ਼ਾਨਦਾਰ ਅਤੇ ਵਿਲੱਖਣ ਪ੍ਰਾਪਤੀਆਂ ਕਾਰਨ ਇਸ ਕਾਲਜ ਨੇ ਵਿਦਿਅਕ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

ਕਾਲਜ ਦੇ ਮੋਟੋ ਸੱਤਿਅਮ, ਸ਼ਿਵਮ , ਸੁੰਦਰਮ ( ਸੱਚਾ-ਸੁੱਚਾ , ਕਲਿਆਣਮਈ, ਸੋਹਣਾ) ਨੂੰ ਸਾਕਾਰ ਕਰਦਿਆਂ ਹੋਇਆਂ ਇਹ ਸੰਸਥਾ ਵਿਦਿਆਰਥਣਾਂ ਦੀ ਸਰਵਪੱਖੀ ਸ਼ਖਸ਼ੀਅਤ ਉਸਾਰੀ ਕਰਨ ਹਿੱਤ ਸਾਹਿਤਕ, ਸਭਿਆਚਾਰਕ , ਅਕਾਦਮਿਕ, ਐਨ.ਸੀ.ਸੀ. , ਐਨ.ਐਸ.ਐਸ. , ਰੈੱਡ ਕਰਾਸ ਅਤੇ ਖੇਡਾਂ ਜਿਹੀਆਂ ਗਤੀਵਿਧੀਆਂ ਪ੍ਰਫੁਲਿਤ ਕਰਦਾ ਆ ਰਿਹਾ ਹੈ।

**ਹੁਣ ਮੈਂ ਆਪ ਜੀ ਦੇ ਸਾਹਮਣੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੀ ਸਾਲ 2017-18 ਦੀ ਸਾਲਾਨਾ ਰਿਪੋਰਟ ਪੇਸ਼ ਕਰਨ ਦੀ ਖੁਸ਼ੀ ਲੈ ਰਹੀ ਹਾਂ।**

**ਦਾਖਲੇ**

ਇਸ ਸਾਲ ਵੱਖ-ਵੱਖ ਸ਼੍ਰੇਣੀਆਂ ਵਿੱਚ ਲਗਭਗ 2282 ਵਿਦਿਆਰਥਣਾਂ ਨੇ ਦਾਖਲਾ ਲਿਆ।ਕਾਲਜ ਵਿੱਚ ਅੰਡਰ ਗ੍ਰੈਜੂਏਟ ਕੋਰਸਜ਼ ਵਿੱਚ ਬੀ.ਏ. (ਆਰਟਸ), ਬੀ.ਐਸ.ਸੀ. (ਹੋਮ ਸਾਇੰਸ), ਬੀ.ਐਸ.ਸੀ. (ਬਾਇਓਟੈਕਨਾਲੋਜੀ ) ਅਤੇ ਬੀ.ਐਸ.ਸੀ. (ਨਾਨ ਮੈਡੀਕਲ ਕੰਪਿਊਟਰ ਐਪਲੀਕੇਸ਼ਨਜ਼) ਪੜ੍ਹਾਏ ਜਾਂਦੇ ਹਨ। ਸੈਸ਼ਨ 2014-15 ਤੋਂ ਬੀ.ਐਸ.ਸੀ. (ਮੈਡੀਕਲ) ਵੀ ਸ਼ੁਰੂ ਕੀਤੀ ਗਈ ਹੈ। ਪੋਸਟ ਗ੍ਰੈਜੂਏਟ ਕੋਰਸਜ਼ ਵਿੱਚ ਐਮ.ਏ. ( ਡਾਂਸ, ਕੋਮਲ ਕਲਾ ਅਤੇ ਸੰਗੀਤ ਗਾਇਨ) ਅਤੇ ਐਮ.ਐਸ.ਸੀ. ( ਫੂਡ ਐਂਡ ਨਿਊਟ੍ਰੀਸ਼ਨ) ਪੜ੍ਹਾਏ ਜਾਂਦੇ ਹਨ।ਬੀ.ਏ. ਆਰਟਸ ਵਿੱਚ ਵੋਕੇਸ਼ਨਲ ਵਿਸ਼ਾ ਫੰਕਸ਼ਨਲ ਇੰਗਲਿਸ਼ ਪੜਾਇਆ ਜਾਂਦਾ ਹੈ।ਅੰਗ੍ਰੇਜ਼ੀ, ਹਿੰਦੀ, ਮਨੋਵਿਗਿਆਨ , ਰਾਜਨੀਤੀ ਸ਼ਾਸਤਰ, ਫਿਲਾਸਫੀ ਅਤੇ ਇਕਨਾਮਿਕਸ ਵਿਸ਼ਿਆਂ ਵਿੱਚ ਆਨਰਜ਼ ਦਾ ਵੀ ਪ੍ਰਬੰਧ ਹੈ।ਸੈਸ਼ਨ 2013-14 ਤੋਂ ਕਾਲਜ ਵਿੱਚ

ਬੀ.ਸੀ.ਏ. , ਪੀ.ਜੀ.ਡੀ.ਸੀ.ਏ. , ਅਤੇ ਐਮ.ਐਸ.ਸੀ. (ਆਈ.ਟੀ.) (ਸੈਲਫ ਫਾਇਨਾਂਸ) ਵੀ ਸ਼ੁਰੂ ਕੀਤੀ ਗਈ ਹੈ ਜਿਸਨੂੰ ਭਰਵਾਂ ਹੁੰਗਾਰਾ ਮਿਲਿਆ ਹੈ।

**ਸਟਾਫ**

ਮੌਜੂਦਾ ਸੈਸ਼ਨ ਵਿੱਚ ਕਾਲਜ ਵਿੱਚ 39 ਰੈਗੂਲਰ ਲੈਕਚਰਾਰ 01 ਕੰਟਰੈਕਚੂਅਲ ਅਤੇ 9 ਪਾਰਟ-ਟਾਈਮ ਲੈਕਚਰਾਰ ਹਨ।ਇਸ ਤੋਂ ਇਲਾਵਾ 24 ਲੈਕਚਰਾਰ ਗੈਸਟ ਫੈਕਲਟੀ ਵਜੋਂ ਅਤੇ 09 ਕਾਂਟ੍ਰੈਕਟ ਬੇਸਿਸ (ਸੈਲਫ਼ ਫਾਇਨਾਂਸ ਕੋਰਸ) ਤੇ ਪੜ੍ਹਾ ਰਹੇ ਹਨ।ਕਾਲਜ ਵਿੱਚ ਇੱਕ ਲਾਇਬ੍ਰੇਰੀਅਨ ਹਨ।

ਇਸ ਸੈਸ਼ਨ ਦੌਰਾਨ ਪ੍ਰੋ. ਗੀਤਿੰਦਰ ਕੌਰ, ਪ੍ਰੋ. ਅਮਿਤਾ ਸ਼ਰਮਾ, ਪ੍ਰੋ. ਸ਼ਿਵਦੇ ਕੌਰ ਮਾਨ, ਪ੍ਰੋ.ਮਨਜੀਤ ਕੌਰ ਸ਼ਰਮਾ , ਪ੍ਰੋ. ਵੀਨਾ ਬਾਂਸਲ , ਡਾ. ਗਵਲਜੀਤ ਕੌਰ ਬਰਾੜ , ਪ੍ਰੋ. ਲਲਿਤਾ ਕੋਹਲੀ ਅਤੇ ਪ੍ਰੋ. ਸ਼ਵਿੰਦਰ ਸਿੰਘ ਸੇਵਾ ਮੁਕਤ ਹੋਏ।

**ਪ੍ਰਬੰਧਕੀ ਅਮਲਾ**

ਕਾਲਜ ਦੇ ਦਫ਼ਤਰ ਦੇ ਪ੍ਰਬੰਧਕੀ ਅਮਲੇ ਵਿੱਚ ਇੱਕ ਸੁਪਰਡੈਂਟ ਤੋਂ ਇਲਾਵਾ 15 ਦਰਜਾ ਤਿੰਨ ਅਤੇ 12 ਦਰਜਾ ਚਾਰ ਕਰਮਚਾਰੀ ਹਨ। ਇਸ ਸ਼ੈਸ਼ਨ ਦੌਰਾਨ ਸ਼੍ਰੀ ਜੋਗਿੰਦਰ ਸਿੰਘ (ਸੀਨੀ. ਐਲ.ਏ. ) ਬਦਲ ਕੇ ਇਸ ਕਾਲਜ ਵਿੱਚ ਆਏ ਸ਼੍ਰੀ ਗੁਰਨਾਮ ਸਿੰਘ (SLA) ਅਤੇ ਸ਼੍ਰੀ ਅਜੈਬ ਸਿੰਘ (LA) ਅਤੇ ਤਬਲਾ ਇੰਸਟਰਕਟਰ ਹਰਕੀਰਤ ਸਿੰਘ ਸੇਵਾ ਮੁਕਤ ਹੋਏ।ਸ਼੍ਰੀ ਸਾਧੂ ਸਿੰਘ (ਚੌਂਕੀਦਾਰ) ਬਹੁਤ ਹੀ ਸਮਰਪਣ ਤੇ ਸਹਿਰਦਤਾ ਨਾਲ ਆਪਣੀ ਡਿਊਟੀ ਨਿਭਾ ਕੇ 31.10.2017 ਨੂੰ ਸੇਵਾ ਮੁਕਤ ਹੋਏ।

**ਅਕਾਦਮਿਕ ਪ੍ਰਾਪਤੀਆਂ**

- ਐਮ.ਏ. ਭਾਗ ਦੂਜਾ (ਸੰਗੀਤ ਗਾਇਨ) ਦੀ ਰਜੀਆ ਕੌਰ ਅਤੇ ਐਮ.ਏ. ਭਾਗ ਪਹਿਲਾ (ਸੰਗੀਤ ਗਾਇਨ) ਦੀ ਵਿਦਿਆਰਥਣ ਹਿਮਾਂਸ਼ੂ ਡਾਨੀਆ ਨੇ ਕਾਲਜ ਵਿਚ ਪਹਿਲਾ ਸਥਾਨ ਹਾਸਿਲ ਕੀਤਾ।
- ਐਮ.ਏ. ਡਾਂਸ ਭਾਗ ਦੂਜਾ ਦੀ ਸ਼ਾਲੂ ਨੇ ਕਾਲਜ ਵਿਚ ਪਹਿਲਾ ਅਤੇ ਪੂਜਾ ਰਾਣੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ. ਭਾਗ ਦੂਜਾ (ਫਾਈਨ ਆਰਟਸ) ਵਿੱਚ ਮੋਨਿਕਾ , ਗੁਰਦੀਪ ਕੌਰ ਅਤੇ ਕੰਵਲਜੀਤ ਕੌਰ ਨੇ ਕਾਲਜ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ। ਐਮ.ਏ. ਭਾਗ ਪਹਿਲਾ (ਫਾਈਨ ਆਰਟਸ) ਦੀ ਗਗਨਦੀਪ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਬੰਦੂ ਬੈਂਸ ਤੇ ਅਰਸ਼ਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਭਾਗ ਦੂਜਾ ਦੀਆਂ ਜਸਵੀਰ ਕੌਰ ਅਤੇ ਰਵਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।
- ਬੀ.ਏ. ਭਾਗ ਤੀਸਰਾ ਦੀ ਰੂਹਾਨੀ ਸ਼ੇਰਗਿੱਲ ਅਤੇ ਹਰਕਿਰਨ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਪਰਮਜੋਤ ਕੌਰ ਨੇ ਦੂਜਾ ਸਥਾਨ ਅਤੇ ਬੀ.ਏ. ਭਾਗ ਦੂਜਾ ਦੀ ਹਰਲੀਨ ਚਾਵਲਾ ਨੇ ਪਹਿਲਾ ਅਤੇ ਰੁਪਿੰਦਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਇਸੇ ਤਰਾਂ ਬੀ.ਏ. ਭਾਗ ਪਹਿਲਾ ਦੀ ਵਿਭੂਤੀ ਸਿਆਲ ਨੇ ਪਹਿਲਾ ਅਤੇ ਮਨਜੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।

- ਐਮ.ਐਸ.ਸੀ ਫੂਡ ਐਂਡ ਨਿਊਟ੍ਰੀਸ਼ਨ ਭਾਗ ਦੂਜਾ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਕਾਲਜ ਅਤੇ ਯੂਨੀ. ਵਿੱਚ ਪਹਿਲਾ ਅਤੇ ਅਮਰਜੀਤ ਕੌਰ ਅਤੇ ਸ਼ਿਲਪਾ ਸਿੰਘ ਨੇ ਕਾਲਜ ਵਿੱਚ ਦੂਜਾ ਸਥਾਨ ਅਤੇ ਭਾਗ ਪਹਿਲਾ ਦੀ ਵਿਦਿਆਰਥਣ ਭਾਨੂੰ ਚੋਪੜਾ ਨੇ ਕਾਲਜ ਵਿੱਚ ਪਹਿਲਾ ਅਤੇ ਮੇਘਾ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ।
- ਬੀ.ਐਸ.ਸੀ. ਹੋਮ ਸਾਇੰਸ ਭਾਗ ਤੀਜਾ ਦੀ ਵਿਦਿਆਰਥਣ ਸਮਰੀਤ ਕੌਰ ਨੇ ਕਾਲਜ ਤੇ ਯੂਨੀ: ਵਿੱਚ ਪਹਿਲਾ ਅਤੇ ਹਰਸਿਮਰਨ ਕੌਰ ਨੇ ਕਾਲਜ ਅਤੇ ਯੂਨੀ:ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਭਾਗ ਦੂਜਾ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਕਾਲਜ ਤੇ ਯੂਨੀ: ਵਿੱਚ ਪਹਿਲਾ ਅਤੇ ਗੁਰਪ੍ਰੀਤ ਕੌਰ ਨੇ ਕਾਲਜ ਅਤੇ ਯੂਨੀਵਰਸਿਟੀ ਵਿੱਚ ਦੂਜਾ ਸਥਾਨ ਹਾਸਿਲ ਕੀਤਾ।ਬੀ.ਐਸ.ਸੀ. ਭਾਗ ਪਹਿਲਾ ਦੀ ਕਵਲਪ੍ਰੀਤ ਕੌਰ ਨੇ ਕਾਲਜ ਅਤੇ ਯੂਨੀ. ਵਿੱਚ ਪਹਿਲਾ ਅਤੇ ਰਮਨਦੀਪ ਕੌਰ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ।
- ਬੀ.ਐਸ.ਸੀ. ਬਾਇਓਟੈਕ ਭਾਗ ਤੀਜਾ ਦੀ ਵਿਦਿਆਰਥਣ ਪ੍ਰਭਜੋਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਕਰਮਜੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ ਅਤੇ ਭਾਗ ਪਹਿਲਾ ਦੀ ਵਿਦਿਆਰਥਣ ਪੂਜਾ ਪ੍ਰਸ਼ਾਦ ਨੇ ਕਾਲਜ ਵਿੱਚ ਪਹਿਲਾ ਅਤੇ ਨਵਕਿਰਨ ਕੌਰ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ।
- ਬੀ.ਐਸ.ਸੀ. ਨਾਨ-ਮੈਡੀਕਲ ਭਾਗ ਤੀਜਾ ਦੀ ਵਿਦਿਆਰਥਣ ਨਰਪਿੰਦਰ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਰੁਪਿੰਦਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਇਸੇ ਤਰਾਂ ਬੀ.ਐਸ.ਸੀ. ਨਾਨ -ਮੈਡੀਕਲ ਭਾਗ ਦੂਜਾ ਦੀ ਵਿਦਿਆਰਥਣ ਪਵਨਦੀਪ ਕੌਰ ਨੇ ਕਾਲਜ ਵਿਚ ਪਹਿਲਾ ਅਤੇ ਮਿਨਾਕਸ਼ੀ ਬਾਂਸਲ ਨੇ ਦੂਜਾ ਸਥਾਨ ਹਾਸਿਲ ਕੀਤਾ। ਬੀ.ਐਸ.ਸੀ. ਨਾਨ -ਮੈਡੀਕਲ ਭਾਗ ਪਹਿਲਾ ਦੀ ਵਿਦਿਆਰਥਣ ਪ੍ਰੀਅੰਕਾ ਰਾਣੀ ਨੇ ਕਾਲਜ ਵਿਚ ਪਹਿਲਾ ਅਤੇ ਰੇਨੂ ਰਾਣੀ ਨੇ ਦੂਜਾ ਸਥਾਨ ਹਾਸਿਲ ਕੀਤਾ।
- ਬੀ.ਐਸ.ਸੀ. ਮੈਡੀਕਲ ਭਾਗ ਤੀਜਾ ਦੀ ਵਿਦਿਆਰਥਣ ਪ੍ਰੀਤ ਕੌਰ ਨੇ ਕਾਲਜ ਵਿੱਚ ਪਹਿਲਾ ਤੇ ਮਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ । ਇਸੇ ਤਰ੍ਹਾਂ ਬੀ.ਐਸ.ਸੀ. ਮੈਡੀਕਲ ਭਾਗ ਦੂਜਾ ਦੀ ਵਿਦਿਆਰਥਣ ਬਲਜੀਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਨਮਰੀਤਾ ਸੋਢੀ ਨੇ ਦੂਜਾ ਸਥਾਨ ਹਾਸਿਲ ਕੀਤਾ।ਇਸੇ ਤਰਾਂ ਬੀ.ਐਸ.ਸੀ. ਮੈਡੀਕਲ ਭਾਗ ਪਹਿਲਾ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਕਾਲਜ ਵਿਚ ਪਹਿਲਾ ਅਤੇ ਵੀਰਪਾਲ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ
- ਬੀ.ਸੀ.ਏ. ਭਾਗ ਤੀਜਾ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਅਮਨਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਬੀ.ਸੀ.ਏ. ਭਾਗ ਦੂਜਾ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਨੇ ਪਹਿਲਾ ਅਤੇ ਰਮਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ। ਬੀ.ਸੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਬਲਵਿੰਦਰ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਚਰਨਜੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਐਸ.ਸੀ.ਆਈ.ਟੀ (ਐਲ.ਈ.) ਦੂਜਾ ਵਿੱਚ ਲਕਸ਼ਮੀਨਾ ਨੇ ਪਹਿਲਾ ਅਤੇ ਮਨਵੀਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।
- ਐਮ.ਐਸ.ਸੀ.ਆਈ.ਟੀ. ਭਾਗ ਦੂਜਾ ਵਿੱਚ ਨਰਦੀਪ ਕੌਰ ਨੇ ਪਹਿਲਾ ਅਤੇ ਅਮਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ। ਐਮ.ਐਸ.ਸੀ.ਆਈ.ਟੀ. ਭਾਗ

ਪਹਿਲਾ ਵਿੱਚ ਰਮਨਪ੍ਰੀਤ ਕੌਰ ਨੇ ਪਹਿਲਾ ਅਤੇ ਮਨਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।

**ਸਭਿਆਚਾਰਕ ਗਤੀਵਿਧੀਆਂ**

**ਜ਼ੋਨਲ ਯੂਥ ਫੈਸਟੀਵਲ ਵਿੱਚ 21 ਆਈਟਮਾਂ** ਵਿੱਚ ਭਾਗ ਲਿਆ - ਗਿੱਧਾ, ਕਲਾਸੀਕਲ ਡਾਂਸ, ਗਰੁੱਪ ਸ਼ਬਦ, ਕਲਾਸੀਕਲ ਵੋਕਲ, ਗਜ਼ਲ, ਰੁੱਪ ਸਾਂਗ, ਕੁਇਜ਼ , ਲੋਕ ਗੀਤ, ਕਲੇਅ ਮਾਡਲਿੰਗ , ਰੰਗੋਲੀ, ਮੌਕੇ ਤੇ ਚਿੱਤਰਕਾਰੀ , ਕਾਰਟੂਨਿੰਗ , ਕੋਲਾਜ਼ ਮੇਕਿੰਗ, ਪੋਸਟਰ ਮੇਕਿੰਗ , ਵਨ ਐਕਟ ਪਲੇਅ, ਕਲਾਸੀਕਲ ਇੰਸਟਰੂਮੈਂਟ(ਨਾਨ-ਪ੍ਰਕਸ਼ਨ), ਡਿਬੇਟ ਐਲੋਕਿਊਸ਼ਨ, ਪੋਈਟਰੀ ਰੈਸੀਟੇਸ਼ਨ , ਮਾਈਮ ਸਕਿਟ ਆਦਿ ਵਿੱਚ ਭਾਗ ਲਿਆ।

ਜਿਸ ਵਿੱਚ ਕਲਾਸੀਕਲ ਡਾਂਸ , ਗਰੁੱਪ ਸਾਂਗ , ਪੋਸਟਰ ਮੇਕਿੰਗ ਵਿੱਚ ਕਾਲਜ ਨੇ ਪਹਿਲਾ ਸਥਾਨ, ਕਲਾਸੀਕਲ ਵੋਕਲ , ਕਾਰਟੂਨਿੰਗ ਵਿੱਚ ਦੂਜਾ ਸਥਾਨ , ਮੌਕੇ ਤੇ ਚਿੱਤਰਕਾਰੀ , ਗਜ਼ਲ , ਮਾਈਮ, ਕਲਾਸੀਕਲ ਇੰਸਟਰੂਮੈਂਟ(ਨਾਨ-ਪ੍ਰਕਸ਼ਨ) ਵਿੱਚ ਤੀਜਾ ਸਥਾਨ , ਗਿੱਧਾ , ਕਲੇ ਮਾਡਲਿੰਗ , ਵਨ ਐਕਟ ਪਲੇਅ ਅਤੇ ਕਲੇਅ ਮਾਡਲਿੰਗ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ।

ਇੰਟਰ ਜ਼ੋਨਲ ਯੂਥ ਫੈਸਟੀਵਲ ਵਿੱਚ 05 ਆਈਟਮਾਂ ਕਲਾਸੀਕਲ ਡਾਂਸ, ਗਰੁੱਪ ;ਾਂਗ, ਪੋਸਟਰ ਮੇਕਿੰਗ , ਕਲਾਸੀਕਲ ਵੋਕਲ ਅਤੇ ਕਾਰਟੂਨਿੰਗ ਵਿੱਚ ਭਾਗ ਲਿਆ। ਜਿਸ ਵਿੱਚ ਪੋਸਟਰ ਮੇਕਿੰਗ ਵਿੱਚ ਪਹਿਲਾ ਸਥਾਨ, ਕਾਰਟੂਨਿੰਗ ਵਿੱਚ ਦੂਜਾ ਸਥਾਨ , ਕਲਾਸੀਕਲ ਡਾਂਸ ਅਤੇ ਗਰੁੱਪ ਸਾਂਗ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ।

ਇੰਟਰ ਜ਼ੋਨਲ ਫੋਕ ਫੈਸਟੀਵਲ ਵਿੱਚ ਸੰਮੀ ਡਾਂਸ ਅਤੇ ਕਵੀਸ਼ਰੀ ਦੋ ਆਈਟਮਾਂ ਵਿੱਚ ਭਾਗ ਲਿਆ ਜਿਸ ਵਿੱਚ ਸੰਮੀ ਡਾਂਸ ਟਨੇ ਚੌਥਾ ਸਥਾਨ ਪ੍ਰਾਪਤ ਕੀਤਾ।

**ਸਹਿਵਿਦਿਅਕ ਗਤੀਵਿਧੀਆਂ**

- 13.01.2018 ਨੂੰ ਲੋਹੜੀ ਦੇ ਸ਼ੁਭ ਮੌਕੇ ਤੇ ***ਲੋਹੜੀ ਧੀਆਂ ਦੀ*** ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥਣਾਂ ਅਤੇ ਸਟਾਫ ਨੇ ਵਧ-ਚੜ੍ਹ ਕੇ ਹਿੱਸਾ ਲਿਆ।
- ਪੰਜਾਬ ਸਰਕਾਰ ਵੱਲੋਂ ਨੌਜਾਵਾਨਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਤੇ ਬਚਾਉਣ ਹਿੱਤ ਚਲਾਈ ਗਈ ਜਾਗਰੂਕਤਾ ਮੁਹਿੰਮ ਅਧੀਨ ਕਾਲਜ ਵਿੱਚ ਵਿਦਿਆਰਥਣਾਂ ਦੇ ***495 ਬੱਡੀ ਗਰੁੱਪ*** ਬਣਾਏ ਗਏ ਹਨ ਜੋ ਨਸ਼ਾ ਮੁਕਤ ਸਮਾਜ ਸਿਰਜਣ ਦਾ ਹਰ ਸੰਭਵ ਯਤਨ ਕਰਨਗੇ।
- ***'ਸਵੱਛ ਭਾਰਤ ਸਵਸਥ ਭਾਰਤ'*** ਸਿਰਜਣ ਦੇ ਮੰਤਵ ਨੂੰ ਮੁੱਖ ਰੱਖਦਿਆਂ ਕਾਲਜ ਵਿਖੇ ਸਵੱਛਤਾ ਕਲੱਬ ਬਣਾਇਆ ਗਿਆ ਹੈ।
- 16.02.2018 ਨੂੰ ਡਾ. ਰਾਓ (ਮੋਦੀ ਯੂਨੀਵਰਸਿਟੀ , ਰਾਜਸਥਾਨ) ਨੇ 'ਨਾਰੀ ਸ਼ਸ਼ਕਤੀਕਰਨ' ਵਿਸ਼ੇ ਤੇ ਵਿਸਥਾਰ ਭਾਸ਼ਣ ਦਿੱਤਾ ।

## ਵਿਭਾਗੀ ਗਤੀਵਿਧੀਆਂ

ਕਾਲਜ ਵਿੱਚ ਸੈਸ਼ਨ ਦੇ ਆਰੰਭ ਤੋਂ ਹੀ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਵੱਖ-ਵੱਖ ਵਿਭਾਗਾਂ ਵੱਲੋਂ 'ਟੈਲੰਟ ਹੰਟ' ਮੁਕਾਬਲੇ ਕਰਵਾਏ ਜਾਂਦੇ ਹਨ।ਸੈਸ਼ਨ 2015-16 ਦੇ ਆਰੰਭ ਵਿੱਚ ਹੀ ਫਾਈਨ ਆਰਟਸ, ਸੰਗੀਤ ਗਾਇਨ, ਸੰਗੀਤ ਵਾਦਨ ਅਤੇ ਡਾਂਸ ਵਿਭਾਗ ਵੱਲੋਂ ਟੈਲੰਟ ਹੰਟ (ਪ੍ਰਤਿਭਾ ਖੋਜ) ਮੁਕਾਬਲੇ ਕਰਵਾਏ ਗਏ।ਸਾਰੇ ਟੈਲੰਟ ਹੰਟ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਆਗਾਮੀ ਯੁਵਕ ਮੇਲਿਆਂ ਲਈ ਵਿਦਿਆਰਥੀਆਂ ਦੀ ਚੋਣ ਕੀਤੀ ਗਈ।

### ਫਾਈਨ ਆਰਟਸ ਵਿਭਾਗ

ਅਕਤੂਬਰ 2017 ਵਿੱਚ ਜਸਦੇਵ ਸਿੰਘ ਸੰਧੂ ਕਾਲਜ ਆਫ ਐਜੂਕੇਸ਼ਨ ਕੌਲੀ ਵਿਖੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਖੇਤਰੀ ਯੁਵਕ ਮੇਲੇ ਵਿੱਚ ਵਿਭਾਗ ਦੀ ਵਿਦਿਆਰਥਣ ਨਵਜੋਤ ਕੌਰ (ਬੀ.ਏ.-2 ) ਨੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ, ਰੁਚਿਕਾ (ਬੀ.ਏ.-3) ਨੇ ਕਾਰਟੂਨਿੰਗ ਮੁਕਾਬਲੇ ਵਿੱਚ ਦੂਜਾ ਸਥਾਨ , ਮੌਕੇ ਤੇ ਚਿੱਤਰਕਾਰੀ ਮੁਕਾਬਲੇ ਵਿੱਚ ਜਸਕਿਰਨ (ਐਮ.ਏ..ਦੂਜਾ ) ਨੇ ਤੀਸਰਾ ਸਥਾਨ ਅਤੇ ਕਲੇਅ ਮਾਡਲਿੰਗ ਵਿੱਚ ਸੰਦੀਪ (ਐਮ.ਏ.-1) ਨੇ ਚੌਥਾ ਸਥਾਨ ਹਾਸਿਲ ਕੀਤਾ।ਅੰਤਰ ਖੇਤਰੀ ਯੁਵਕ ਮੇਲੇ ਵਿੱਚ ਨਵਜੋਤ (ਬੀ.ਏ.-2) ਨੇ ਪੋਸਟਰ ਮੇਕਿੰਗ ਵਿੱਚ ਪਹਿਲਾ ਅਤੇ ਰੁਚਿਕਾ (ਬੀ.ਏ. 3 ) ਨੇ ਕਾਰਟੂਨਿੰਗ ਵਿੱਚ ਦੂਜਾ ਸਥਾਨ ਹਾਸਿਲ ਕੀਤਾ।

World Aids Day ਮੌਕੇ ਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵੱਲੋਂ ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਖੇ ਅਤੇ 24 ਜਨਵਰੀ 2018 ਨੂੰ ਵੋਟਰ ਦਿਵਸ ਮੌਕੇ ਤੇ ਸਰਕਾਰੀ ਪੋਲੀਟੈਕਨੀਕਲ ਕਾਲਜ ਪਟਿਆਲਾ ਵਿਖੇ ਪੋਸਟਰ ਮੇਕਿੰਗ ਅਤੇ ਸਲੋਗਨ ਲੇਖਨ ਮੁਕਾਬਲੇ ਵਿੱਚ ਵਿਭਾਗ ਦੀ ਵਿਦਿਆਰਥਣ ਨਵਜੋਤ ਕੌਰ (ਬੀ.ਏ.-2) ਪਹਿਲੇ ਸਥਾਨ ਤੇ ਰਹੀ।ਕਾਲਜ ਵਿਖੇ ਵੱਖ-ਵੱਖ ਗਤੀਵਿਧੀਆਂ ਦੌਰਾਨ ਜਿਵੇਂ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ , ਬੇਟੀ ਬਚਾਓ ,ਬੇਟੀ ਪੜ੍ਹਾਓ , ਵੋਟ ਦਾ ਅਧਿਕਾਰ, ਟਰੈਫਿਕ ਨਿਯਮਾਂ ਦੀ ਪਾਲਣਾ ਨਾਲ ਸਬੰਧਤ ਪੋਸਟਰ ਬਣਾਏ ਅਤੇ ਪਰਦਰਸ਼ਨੀਆਂ ਆਯੋਜਿਤ ਕੀਤੀਆਂ।ਰਾਸ਼ਟਰੀ ਵੋਟਰ ਦਿਵਸ ਦੇ ਮੌਕੇ ਤੇ ਕਾਲਜ ਵਿਖੇ ਵਿਭਾਗ ਦੀਆਂ ਵਿਦਿਆਰਥਣਾਂ ਸਿਮਰਨ ਕੌਰ (ਬੀ.ਏ.-3) ਅਤੇ ਸਿਮਰਨ (ਬੀ.ਏ.-2) ਨੇ ਪੋਸਟਰ ਮੁਕਾਬਲੇ ਵਿੱਚ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਹਾਸਿਲ ਕੀਤਾ।

### ਸੰਗੀਤ ਗਾਇਨ ਵਿਭਾਗ

ਸੈਸ਼ਨ ਦੇ ਆਰੰਭ ਵਿੱਚ ਮਿਤੀ 11.09.2017 ਨੂੰ ਵਿਭਾਗ ਵਿੱਚ ਵਿਦਿਆਰਥਣਾਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਟੈਲੰਟ ਹੰਟ ਮੁਕਾਬਲੇ ਕਰਾਏ ਗਏ।13.09.2017 ਨੂੰ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਪ੍ਰਸਾਰ ਭਾਰਤੀ ਅਕਾਸ਼ਵਾਣੀ ਕੇਂਦਰ ਪਟਿਆਲਾ ਵਿਖੇ ਕਵਾਲੀ ਗਾਇਨ ਦੀ ਪ੍ਰਸਤੁਤੀ ਦਿੱਤੀ ਗਈ ਜੋ ਕਿ ਬਾਅਦ ਵਿੱਚ ਬਹਾਰਾਂ ਪ੍ਰੋਗਰਾਮ ਦੇ ਤਹਿਤ 19.09.2017 ਨੂੰ ਪ੍ਰਸਾਰਿਤ ਵੀ ਹੋਇਆ। ਪੰਜਾਬੀ ਯੂਨੀਵਰਸਿਟੀ , ਪਟਿਆਲਾ ਦੇ ਖੇਤਰੀ ਯੁਵਕ ਮੇਲੇ ਵਿੱਚ ਵਿਭਾਗ ਦੀ ਸਮੂਹ ਗਾਇਨ ਦੀ ਟੀਮ ਨੇ ਪਹਿਲਾ ਸਥਾਨ, ਸ਼ਾਸ਼ਤਰੀ ਗਾਇਨ ਵਿੱਚ ਦੂਜਾ ਅਤੇ ਗਜ਼ਲ ਗਾਇਨ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਨਾਮਣਾ ਖੱਟਿਆ।ਅੰਤਰ ਖੇਤਰੀ ਯੁਵਕ ਮੇਲੇ ਵਿੱਚ ਸਮੂਹ ਗਾਇਨ ਅਤੇ ਗਜ਼ਲ ਗਾਇਨ ਦੀ ਆਈਟਮ ਨੇ ਤੀਸਰਾ ਸਥਾਨ ਹਾਸਿਲ ਕੀਤਾ।ਵਿਭਾਗ ਦੀਆਂ ਵਿਦਿਆਰਥਣਾਂ ਨੇ ਸਵਤੰਤਰ ਦਿਵਸ (15 ਅਗਸਤ 2017) ਅਤੇ ਗਣਤੰਤਰ ਦਿਵਸ (26 ਜਨਵਰੀ 2018) ਦੇ ਮੌਕੇ ਤੇ ਯਾਦਵਿੰਦਰਾ ਸਟੇਡੀਅਮ ਵਿਖੇ ਰਾਸ਼ਟਰੀ ਗੀਤ ਅਤੇ ਗਿੱਧੇ ਦੀਆਂ ਬੋਲੀਆਂ ਵਿੱਚ ਭਾਗ ਲਿਆ।ਵਿਭਾਗ

ਦੀ ਐਮ.ਏ.-2 ਦੀ ਵਿਦਿਆਰਥਣ ਹਿਮਾਂਸ਼ੂ ਨੇ VOICE OF PUNJAB ਦੇ ਮੈਗਾ ਆਡੀਸ਼ਨ ਕਲੀਅਰ ਕੀਤੇ।

## ਸੰਗੀਤ ਵਾਦਨ ਵਿਭਾਗ

ਸੈਸ਼ਨ ਦੇ ਆਰੰਭ ਵਿੱਚ ਵਿਭਾਗ ਵਿੱਚ ਪ੍ਰਤਿਭਾ ਖੋਜ ਮੁਕਾਰਲੇ ਕਰਵਾਏ ਗਏ ਜਿਸ ਵਿੱਚ ਸਾਰੀਆਂ ਵਿਦਿਆਰਥਣਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ।ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਮੇਲਾ (14-16 ਅਕਤੂਬਰ 2017)ਵਿਭਾਗ ਦੀ ਬੀ.ਏ. ਭਾਗ ਤੀਜਾ ਦੀ ਵਿਦਿਆਰਥਣ ਅਲਕਾ ਨੇ ਨਾਨ ਪਰਕਸ਼ਨ ਆਈਟਮ ਵਿੱਚ ਭਾਗ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।

## ਨਿਊਟ੍ਰੀਸ਼ਨ ਅਤੇ ਡਾਇਟੈਟਿਕਸ ਵਿਭਾਗ

ਨੈਸ਼ਨਲ ਬਰੈਸਟ ਫੀਡਿੰਗ , ਸਪਤਾਹ ਦੌਰਾਨ ਮਿਤੀ 03.08.2017 ਨੂੰ ਵਿਭਾਗ ਵਿੱਚ ਪੋਸਟਰ ਮੇਕਿੰਗ ਅਤੇ ਕੈਪਸ਼ਨ ਕੰਟੈਸਟ ਕਰਵਾਇਆ ਗਿਆ। ਇਸ ਲੜੀ ਅਧੀਨ ਮਿਤੀ 11.11.2017 ਨੂੰ ਵਿਭਾਗ ਵੱਲੋਂ ਡਾ. ਵਿਨੀਤ ਕੌਰ ਕਮਿਊਨਿਟੀ ਮੈਡੀਬਨ ਵਿਭਾਗ, ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵੱਲੋਂ Importance of Breast Feeding ਵਿਸ਼ੇ ਤੇ ਲੈਕਚਰ ਵੀ ਕਰਵਾਇਆ ਗਿਆ। ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸਰਬੱਤ ਦਾ ਭਲਾ ਟਰਸਟ ਅਤੇ ਮੈਡੀਕਲ ਕਾਲਜ ਪਟਿਆਲਾ ਦੇ ਸਹਿਯੋਗ ਨਾਲ ਰਾਸ਼ਟਰੀ ਪੋਸ਼ਣ ਸਪਤਾਹ ਮਨਾਹਿਆ ਗਿਆ ਜਿਸ ਵਿੱਚ ਵਿਦਿਆਰਥਣਾਂ ਵੱਲੋਂ ਪੌਸ਼ਟਿਕ ਸਸਤੇ ਭੋਜਨ ਅਤੇ ਪੇਯ ਪਦਾਰਥਾਂ ਦੇ ਸਟਾਲ ਅਤੇ ਨਿਊਟ੍ਰੀਸ਼ਨ ਬਾਰ ਕੈਫੀਟੇਰਿਆ ਦਾ ਆਯੋਜਨ ਕਰਕੇ ਪੌਸ਼ਟਿਕ ਭੋਜਣ ਬਣਾਉਣ ਦੀ ਜਾਣਕਾਰੀ ਵੀ ਦਿੱਤੀ ਗਈ।

ਵਿਭਾਗ ਦੀਆਂ ਵਿਦਿਆਰਥਣਾਂ ਅਤੇ ਸਟਾਫ ਨੇ ਪੀ.ਜੀ.ਆਈ ਚੰਡੀਗੜ੍ਹ ਦੇ ਡਾਇਟੈਟਿਕਸ ਵਿਭਾਗ ਵੱਲੋਂ ਆਯੋਜਿਤ ਕੀਤੀ ਗਈ CNE on Prevention & Management of Kidney Diseases ਵਿੱਚ ਭਾਗ ਲਿਆ। ਵਿਭਾਗ ਵਿਖੇ 06.11.2017 ਨੂੰ ਸ਼੍ਰੀਮਤੀ ਕਿਰਨਜੀਤ ਕੌਰ ਵੱਲੋਂ ਮਾਈਕਰੋਬਾਇਓਲਾਜੀ ਵਿਸ਼ੇ ਤੇ ਲੈਕਚਰ ਕਰਵਾਇਆ ਗਿਆ ਅਤੇ ਮਿਤੀ 09.11.2017 ਨੂੰ ਇੰਸਟੀਚਿਊਸ਼ਨਲ ਫੂਡ ਮੈਨੇਜਮੈਂਟ ਵਿਸ਼ੇ ਨਾਲ ਸਬੰਧਤ ਸਪੈਸ਼ਲਾਈਜ਼ਡ ਕੁਕਿੰਗ ਦੀ ਡੈਮੋਸਨਰੇਸ਼ਨ ਕਰਵਾਈ ਗਈ।ਮਿਤੀ 18.11.2017 ਨੂੰ ਕਾਲਜ ਦੀ ਪਲੈਟੀਨਮ ਜੁਬਲੀ ਮੌਕੇ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਤਿਆਰ ਕੀਤਾ ***ਨਿਊਟ੍ਰੀਸ਼ਨ ਕੈਲੰਡਰ , ਮਹਾਰਾਣੀ ਪ੍ਰਨੀਤ ਕੌਰ ਜੀ ਵੱਲੋਂ ਰਿਲੀਜ਼ ਕਰਵਾਇਆ***।ਮਿਤੀ 03.09.2017 ਨੂੰ ਵਿਭਾਗ ਦੇ ਮਿਸ ਹਿਮਲੇਸ਼ (ਗੈ.ਫ.) ਅਤੇ ਸ਼ੀਨਮ ਕਾਲੜਾ(ਗੈ.ਫ.) ਨੇ ਰੇਡੀਓ ਸਟੇਸ਼ਨ ਪਟਿਆਲਾ ਤੋਂ ਨਿਊਟ੍ਰੀਸ਼ਨ ਵਿਸ਼ੇ ਨਾਲ ਸਬੰਧਿਤ ਜਾਣਕਾਰੀ ਭਰਪੂਰ ਪ੍ਰੋਗਰਾਮ ਪੇਸ਼ ਮੀਤਾ।

## ਹੋਮ ਸਾਇੰਸ ਵਿਭਾਗ

ਹੋਮ ਸਾਇਸ ਵਿਭਾਗ ਵੱਲੋਂ ਹੋਮ ਸਾਇੰਸ ਸੋਸਾਇਟੀ ਅਧੀਨ ਸਾਲ 2017 ਵਿੱਚ ਵੱਖ-ਵੱਖ ਮੁਕਾਬਲੇ ਕਰਾਏ ਗਏ ਜਿਸ ਵਿੱਚ ਬੀ.ਏ./ਬੀ.ਐਸ.ਸੀ. ਦੀਆਂ ਵਿਦਿਆਰਥਣਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।11 ਸੰਤਬਰ 2017 ਨੂੰ ਰੰਗੋਲੀ ਦੇ ਪੋਸਟਰ ਬਨਾਉਣ ਦੇ ਮੁਕਾਬਲੇ, ਤੀਆਂ ਦੇ ਮੌਕੇ ਮਹਿੰਦੀ ਲਗਵਾਉਣ ਦੇ ਮੁਕਾਬਲੇ , ਸਤੰਬਰ 2017 ਵਿੱਚ ਰੰਗੋਲੀ ਮੁਕਾਬਲੇ ਅਤੇ ਰਵਾਇਤੀ ਕਢਾਈ ਦੇ ਮੁਕਾਬਲੇ ਕਰਵਾਏਗਏ ਜਿਸ ਵਿੱਚ ਬੀ.ਏ. /ਬੀ.ਐਸ.ਸੀ. ਦੀਆਂ ਵਿਦਿਆਰਥਣਾਂ ਨੇ ਆਪਣੀ-ਆਪਣੀ ਕਲਾ ਦਾ ਪ੍ਰਦਰਸ਼ਨ ਰੰਗਾਂ, ਅਕਾਰਾਂ ਤੇ ਫਲੋਰਲ ਡਿਜਾਇਨਾਂ ਦੁਆਰਾ ਕੀਤਾ।9 ਨਵੰਬਰ 2017 ਤੋਂ 11 ਨਵੰਬਰ 2017 ਤੱਕ ਵਿਭਾਗ ਵੱਲੋਂ ਵਰਕਸ਼ਾਪ ਲਗਵਾਈ।18 ਨਵੰਬਰ 2017 ਨੂੰ ਕਾਲਜ ਦੀ ਪਲੈਟੀਨਮ ਜੁਬਲੀ ਮਨਾਉਣ ਸਮੇਂ ਵਿਦਿਆਰਥਣਾਂ ਵੱਲੋਂ ਬੈਸਟ ਆਊਟ ਆਫ ਵੇਸਟ ਦੁਆਰਾ ਖੂਬਸੂਰਤ ਆਰਟੀਕਲਜ਼ ਅਤੇ

ਸਟੈਂਨਸਿਲ ਅਤੇ ਬਲਾਕ ਪਿੰਟਿੰਗ ਨਾਲ ਸੂਟਾਂ, ਬੈੱਡ ਕਵਰ , ਦੁਪੱਟੇ ਤਿਆਰ ਕਰਕੇ ਪ੍ਰਦਰਸ਼ਨੀ ਲਗਾਈ ਗਈ ਜਿਸ ਵਿੱਚ ***ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਸਾਬਕਾ ਐਕਸਟਰਨਲ ਅਫੇਅਰ ਮੰਤਰੀ- ਮਹਾਰਾਣੀ ਪ੍ਰਨੀਤ ਕੌਰ ਜੀ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ*** । ਬੀ.ਏ. ਭਾਗ ਤੀਜਾ ਦੇ ਕੁਕਿੰਗ ਮੁਕਾਬਲੇ ਵਿੱਚ ਪੌਸ਼ਟਿਕ ਸਨੈਕਸ, ਪੇਯ ਪਦਾਰਥ, ਕੇਕ ਤਿਆਰ ਕੀਤੇ ਗਏ।ਬੀ.ਐਸ.ਸੀ. ਦੀਆਂ ਵਿਦਿਆਰਥਣਾਂ

ਨੇ ਪੰਗਰੀਆਂ ਦਾਲਾਂ ਅਤੇ ਖਮੀਰੀਕਰਣ ਤੋਂ ਸਸਤੇ ਤੇ ਪੌਸ਼ਟਿਕ ਵਿਅੰਜਨ ਤਿਆਰ ਕੀਤੇ।

## ਫੋਕ ਆਰਟ ਐਂਡ ਕਲਚਰ ਵਿਭਾਗ

ਵਿਭਾਗ ਦੀਆਂ ਵਿਦਿਆਰਥਣਾਂ ਨੇ ਸਵਤੰਤਰਤਾ ਦਿਵਸ ( 158 ਅਗਸਤ 2017) ਅਤੇ ਗਣਤੰਤਰ ਦਿਵਸ (26 ਜਨਵਰੀ 2018) ਦੇ ਮੌਕੇ ਤੇ ਗਿੱਧੇ ਦੀ ਸ਼ਾਨਦਾਰ ਪੇਸ਼ਕਾਰੀ ਦਿੱਤੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਖੇਤਰੀ ਯੁਵਕ ਮੇਲੇ ਵਿੱਚ ਗਿੱਧੇ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ।18 ਨਵੰਬੁਰ 2017 ਨੂੰ ਕਾਲਜ ਦੀ 75ਵੀਂ ਵਰੇਗੰਢ ਦੇ ਮੌਕੇ ਤੇ ਮਹਾਰਾਣੀ ਪ੍ਰਨੀਤ ਕੌਰ ਜੀ ਦੀ ਆਮਦ ਤੇ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਦਿੱਤੀ ਗਈ ਗਿੱਧੇ ਦੀ ਪੇਸ਼ਕਾਰੀ ਨੂੰ ਸਰਾਹਿਆ ਗਿਆ।ਡੀ.ਸੀ. ਸਾਹਿਬ ਦੇ ਆਦੇਸ਼ ਅਨੁਸਾਰ ਵਿਭਾਗ ਦੀ ਗਿੱਧਾ ਟੀਮ ਨੇ ਕਿਲਾ ਮੁਬਰਾਕ ਤੋਂ ਐਨ.ਆਈ.ਐਸ ਤੱਕ ਜਾਗੋ ਕੱਢ ਕੇ ਆਪਣੀ ਵਿਰਾਸਤ ਨੂੰ ਸੰਭਾਲਣ ਦਾ ਸੁਨੇਹਾ ਦਿੱਤਾ।

## ਡਾਇਟ ਐਂਡ ਨਿਊਟ੍ਰੀਸ਼ਨ ਵਿਭਾਗ

ਹੋਮ ਸਾਇੰਸ ਸੋਸਾਇਟੀ ਦੇ ਅਧੀਨ ਬੀ:ਐਸ:ਸੀ ਹੋਮ ਸਾਂਇੰਸ ਦੀਆਂ ਵਿਦਿਆਰਥਣਾ ਲਈ ਵੱਖ ਵੱਖ ਮੁਕਾਬਲੇ ਕਰਵਾਏ ਗਏ । ਮਿਤੀ 22 ਸਿਤੰਬਰ ਨੂੰ ਫੈਬਰਿਕ ਪੇਟਿੰਗ ਦਾ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਬੀ: ਐਸ: ਸੀ 1 ਅਤੇ 2 ਦੀਆਂ ਵਿਦਿਆਰਥਣਾ ਨੇ ਹਿੱਸਾ ਲਿਆ ਅਤੇ ਇਹਨਾਂ ਵਿਦਿਆਰਥਣਾਂ ਨੇ ਬਹੁੱਤ ਹੀ ਸਰਲ ਤਰੀਕੇ ਨਾਲ ਫੈਬਰਿਕ ਰੰਗਾਂ ਦੀ ਵਰਤੋਂ ਕਰਕੇ ਵੱਖ-ਵੱਖ ਆਰਟੀਕਲਜ਼ ਜਿਵੇਂ ਚਾਦਰਾਂ, ਸਿਰਹਾਣੇ ਦੇ ਗਿਲਾਫ, ਸੂਟ, ਦੁਪੱਟੇ, ਵਾਲ ਹੈਂਗਿਗਜ਼, ਫਰਾਂਕਾ, ਅਤੇ ਬੈਗ ਤਿਆਰ ਕੀਤੇ।ਮਿਤੀ 26 ਅਕਤੂਬਰ ਨੂੰ ਟਾਈ- ਡਾਈ ਦਾ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਬੀ:ਐਸ:ਸੀ 1, 2, 3 ਦੀਆਂ ਵਿਦਿਆਰਥਣਾਂ ਨੇ ਬਹੁੱਤ ਹੀ ਸੋਹਣੇ ਢੰਗਾਂ ਨਾਲ ਕਪੜਿਆਂ ਨੂੰ ਬੰਨਕੇ ਤਰ੍ਹਾਂ- ਤਰ੍ਹਾ ਦੇ ਆਰਟੀਕਲਜ਼ ਤਿਆਰ ਕੀਤੇ ਗਏ ਵਿਦਿਆਰਥਣਾ ਵੱਲੋ ਵੱਖ-ਵੱਖ ਵਿੱਧੀਆਂ ਰਾਂਹੀ ਜਿਵੇਂ ਕਿ ਕੱਚੇ ਟਾਂਕੇ ਨਾਲ, ਮਾਚਿਸ ਦੀਆਂ ਤੀਲੀਆਂ, ਕੌਡੀਆਂ, ਕਪੜਿਆਂ ਦੇ ਕਲਿੱਪ, ਮੋਤੀ ਚਾਵਲ, ਦਾਲਾਂ, ਸਿੱਕੇ, ਛੋਲੇ, ਰਾਜਮਾਂ ਅਤੇ ਰੱਸੀਆਂ ਨਾਲ ਬੰਨ ਕੇ ਰੰਗ ਕੀਤਾ ਅਤੇ ਇਸ ਦੇ ਨਾਲ ਬਹੁੱਤ ਹੀ ਸੋਹਣੇ, ਮਨਮੋਹਕ ਡਿਜਾਇਨਾਂ ਵਾਲੇ ਆਰਟੀਕਲਜ਼ ਤਿਆਰ ਕੀਤੇ ਗਏ। ਵਿਦਿਆਰਥਣਾਂ ਨੇ ਟਾਈ- ਡਾਈ ਨਾਲ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਹਿੱਸਾ ਲਿਆ । ਬੀ:ਐਸ: ਸੀ ਭਾਗ ਤੀਜ਼ਾ ਦੀਆਂ ਵਿਦਿਆਰਥਣਾ ਲਈ ਪ੍ਰੀ ਸਕੂਲ ਬੱਚਿਆਂ ਲਈ ਖਿਡੌਣੇ ਅਤੇ ਗੇਮਜ਼ ਬਣਾਉਣ ਦਾ ਮੁਕਾਬਲਾ ਵੀ ਕਰਵਾਇਆ ਗਿਆ। ਵਿਦਿਆਰਥਣਾ ਨੇ ਵੱਖ-ਵੱਖ ਤਰ੍ਹਾਂ ਦੀ ਸਮੱਗਰੀ - ਰੂੰ, ਮਿੱਟੀ, ਕਲੇਅ ਅਤੇ ਹੋਰ ਨਰਮ ਸਮਾਨ ਦੀ ਵਰਤੋਂ ਕਰਕੇ ਖਿਡਾਉਣੇ ਤਿਆਰ ਕੀਤੇ।

## ਮਨੋਵਿਗਿਆਨ ਵਿਭਾਗ

ਵਿਭਾਗ ਵੱਲੋਂ ਫਰਵਰੀ 2018 ਵਿੱਚ ਬੀ:ਏ ਭਾਗ ਤੀਜਾ ਦੀ ਵਿਦਿਆਰਥਣਾ ਲਈ Current Trends in Psychology ਵਿਸ਼ੇ ਤੇ ਅਤੇ ਬੀ:ਏ ਭਾਗ ਪਹਿਲਾ ਅਤੇ ਦੂਜਾ ਦੀ ਵਿਦਿਆਰਥਣਾਂ ਲਈ "Management of emotions: Psychological view point" ਵਿਸ਼ੇ ਤੇ ਲੇਖ ਲਿਖਣ (Essay writing) ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਮਨੋਵਿਗਿਆਨ ਵਿਸ਼ੇ ਦੀਆਂ ਵਿਦਿਆਰਥਣਾਂ

ਦੀ ਪ੍ਰਤਿਭਾ (Talent) ਨੂੰ ਉਜਾੱਗਰ ਕਰਨ ਲਈ Poster making ਮੁਕਾਬਲਾ ਵੀ ਕਰਵਾਇਆ ਗਿਆ

### ਰਾਜਨੀਤੀ ਸ਼ਾਸ਼ਤਰ ਵਿਭਾਗ

ਮਿਤੀ 11.10.2017 ਨੂੰ ਰਾਜਨੀਤੀ ਸ਼ਾਸ਼ਤਰ ਵਿਭਾਗ ਅਤੇ ਕਾਨੂੰਨੀ ਸਾਖਰਤਾ ਕਲੱਬ ਵੱਲੋਂ ਔਰਤਾਂ ਅਤੇ ਬੱਚਿਆਂ ਦੇ ਅਧਿਕਾਰਾਂ ਅਤੇ ਉਹਨਾਂ ਦੀ ਸੁਰੱਖਿਆ ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁੱਖ ਬੁਲਾਰੇ ਅਨੀਤਾ ਪ੍ਰੀਤ ਸਨ। ਇਹਨਾਂ ਤੋਂ ਇਲਾਵਾ ਐਡਵੋਕੇਟ ਰਾਜਨ ਵਰਮਾ ਅਤੇ ਵਿਭਾਗ ਦੇ ਮੁੱਖੀ ਪ੍ਰੋ. ਬਾਬਿੰਦਰ ਕੌਰ ਨੇ ਵੀ ਬੱਚਿਆਂ ਨੂੰ ਸੰਬੋਧਨ ਕੀਤਾ । ਮਿਤੀ 26.11.2017 ਨੂੰ ਰਾਜਨੀਤੀ ਵਿਭਾਗ ਵੱਲੋਂ ਕਾਨੂੰਨੀ ਸਾਖਰਤਾ ਕਲੱਬ ਨਾਲ ਮਿਲ ਕੇ ਸੰਵਿਧਾਨ ਦਿਵਸ ਦੇ ਮੌਕੇ ਸਮਾਰੋਹ ਆਯੋਜਿਤ ਕਤੀਾ ਗਿਆ। ਸੰਵਿਧਾਨ ਦੀ ਪ੍ਰਸਤਾਵਨਾ ਨੂੰ ਡਿਜੀਟਲ ਬੋਰਡ ਤੇ ਦਰਸਾਇਆ ਗਿਆ ਅਤੇ ਪੰਜਾਬੀ ਅਤੇ ਅੰਗੇਜ਼ੀ ਵਿੰਚ ਪਠਨ ਵੀ ਕੀਤਾ ਗਿਆ।ਵਿਭਾਗ ਦੇ ਮੁੱਖੀ ਬਾਬਿੰਦਰ ਕੌਰ ਵੱਲੋਂ ਸੰਵਿਧਾਨ ਦੀ ਪ੍ਰਸਤਾਵਨਾ ਦਾ ਮਹੱਤਵ ਦੱਸਿਆ ਗਿਆ ਅਤੇ ਪ੍ਰੋ. ਸ਼ਾਮ ਸੁੰਦਰ ਸ਼ਰਮਾ ਨੇ ਪ੍ਰਸਤਾਵਨਾ ਦਾ ਵਿਸ਼ਲੇਸ਼ਣ ਕੀਤਾ।ਮਿਤੀ 25.01.2018 ਨੂੰ ਐਨ.ਐਸ.ਐਸ. ਵਿਭਾਗ ਨਾਲ ਮਿਲ ਕੇ ਰਾਜਨੀਤੀ ਵਿਭਾਗ ਅਤੇ ਕਾਨੂੰਨੀ ਸਾਖਰਤਾ ਸੈੱਲ ਕਲੱਬ ਨੇ ਰਾਸ਼ਟਰੀ ਵੋਟਰ ਦਿਵਸ ਮਨਾਇਆ। ਇਸ ਮੌਕੇ ਤੇ ਬੱਚਿਆਂ ਨੂੰ ਉਹਨਾਂ ਦੇ ਵੋਟ ਪਾਉਣ ਦੇ ਅਧਿਕਾਰ ਬਾਰੇ ਜਾਣੂ ਕਰਵਾਇਆ ਅਤੇ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ।

### ਜੌਗਰਫੀ ਵਿਭਾਗ

ਜੌਗਰਫੀ ਵਿਭਾਗ ਵਲੋਂ ਅਕਤੂਬਰ 2017 ਵਿੱਚ ਵਿਭਾਗ ਵਿੱਖੇ ਨਕਸ਼ਾ ਬਣਾਉਣ, ਚਾਟ ਬਣਾਉਣ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸਾਰੀਆਂ ਕਲਾਸਾਂ ਦੀਆਂ ਵਿਦਿਆਰਥਣਾ ਨੇ ਵੱਧ ਚੜ ਕੇ ਹਿੱਸਾ ਲਿਆ । ਮਿਤੀ 2-2-2018 ਨੂੰ ਸਰਕਾਰੀ ਮਹਿੰਦਰਾ ਕਾਲਜ਼, ਪਟਿਆਲਾ ਵਿੱਖੇ ਕੁਇਜ਼ ਮੁਕਾਬਲੇ ਵਿੱਚ ਵਿਭਾਗ ਦੀਆਂ ਤਿੰਨ ਵਿਦਿਆਰਥਣਾ ਰੁਪਿੰਦਰ ਕੌਰ ਬੀ:ਏ 111, ਪ੍ਰਭਜੋਤ ਕੌਰ ਬੀ:ਏ 11, ਅੰਜੂ ਰਾਣੀ ਬੀ:ਏ 11 ਨੇ ਹਿੱਸਾ ਲਿਆ ਅਤੇ ਚੌਥਾ ਸਥਾਨ ਪ੍ਰਾਪਤ ਕੀਤਾ ।

### ਗਣਿਤ ਵਿਭਾਗ

ਵਿਭਾਗ ਵੱਲੋਂ ਸਤੰਬਰ 2017 ਵਿੱਚ ਗਣਿਤ ਕੁਇਜ਼ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਵਿਦਿਆਰਥਣਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।

### ਅਰਥ ਸ਼ਾਸ਼ਤਰ ਵਿਭਾਗ

ਮਿਤੀ 21-11-2017 ਨੂੰ ਜੀ ਐਸ ਟੀ ਵਿਸ਼ੇ ਉੱਤੇ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਬੀ:ਏ ਭਾਗ ਦੂਜਾ ਅਤੇ ਤੀਜਾ ਦੇ ਵਿਦਿਆਰਥੀਆਂ ਨੇ ਜੀ: ਐਸ: ਟੀ ਦੇ ਫਾਇਦੇ ਦਸਦੇ ਹੋਏ ਇਸ ਦੀ ਰਜਿਸਟ੍ਰੇਸ਼ਨ ਪ੍ਰਣਾਲੀ ਅਤੇ ਜਰੂਰਤ ਤੇ ਚਾਨਣ ਪਾਇਆ ।

ਮਿਤੀ 13-02-2018 ਨੂੰ ਬੀ.ਏ ਭਾਗ ਦੂਜਾ ਦੇ ਵਿਦਿਆਰਥੀਆਂ ਦੁਆਰਾ ਨੇੜੇ ਦੇ ਇਲਾਕੇ ਵਿੱਚੇ ਆਮਦਨ ਰੁਜ਼ਗਾਰ ਅਤੇ ਸਿੱਖਿਆ ਦਾ ਪੱਧਰ ਜਾਚਣ ਲਈ ਆਰਥਿਕ ਸਰਵੇ ਕੀਤਾ ਗਿਆ ।

### ਡਾਂਸ ਵਿਭਾਗ

ਮਿਤੀ 04.08.2017 ਨੂੰ ਵਿਭਾਗ ਵੱਲੋਂ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਵਿਦਆਰਥਣਾਂ ਨੇ ਵਧ ਚੜ੍ਹ ਕੇ ਹੱਸਾ ਲਿਆ।***ਆਜਾਦੀ ਦਿਵਸ (15 ਅਗਸਤ 2017) ਅਤੇ***

***ਗਣਤੰਤਰ ਦਿਵਸ (26 ਜਨਵਰੀ 2018)*** ਦੇ ਰਾਜਪੱਧਰੀ ਸਮਾਗਮ ਤੇ ਵਿਭਾਗ ਦੀਆਂ 200 ਵਿਦਿਆਰਥਣਾਂ ਨੇ **ਮਾਨਯੋਗ ਮੁੱਖ ਮੰਤਰੀ ਜੀ ਦੇ ਆਮਦ** ਤੇ ਗਿੱਧੇ ਦੀ ਪੇਸ਼ਕਾਰੀ ਦੇ ਕੇ ਨਕਦ ਇਨਾਮ ਅਤੇ ਟਰਾਫੀ ਹਾਸਿਲ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਮੇਲੇ 14.10.2017 ਵਿੱਚ ਵਿਭਾਗ ਦੀ ਐਮ.ਏ.-2 ਦੀ ਵਿਦਿਆਰਥਣ ਸ਼ਾਲੂ ਨੇ ਸ਼ਾਸ਼ਤਰੀ ਕੱਥਕ ਨ੍ਰਿਤ ਦੀ ਪ੍ਰਸਤੁਤੀ ਦੇ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਅੰਤਰ ਖੇਤਰੀ ਯੁਵਕ ਮੇਲੇ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਮਿਤੀ 18.11.2017 ਨੂੰ ਕਾਲਜ ਦੇ ਪਲੈਟੀਨਮ ਜੁਬਲੀ ਸਮਾਰੋਹ ਦੇ ਮੌਕੇ ਤੇ ਵੀ ਇਸ ਵਿਦਿਆਰਥਣ ਨੇ ਸ਼ਲਾਘਾਯੋਗ ਪ੍ਰਸਤੁਤੀ ਦਿੱਤੀ।

## ਹਿਸਟਰੀ ਵਿਭਾਗ

ਮਿਤੀ 18.11.2017 ਨੂੰ ਵਿਭਾਗ ਵੱਲੋਂ ਕਾਲਜ ਵਿਖੇ ਪਟਿਆਲਾ ਰਿਆਸਤ ਨਾਲ ਸਬੰਧਤ ਪ੍ਰਦਰਸ਼ਨੀ ਆਯੋਜਿਤ ਕੀਤੀ ਗਈ ਜਿਸਦਾ ਉਦਘਾਟਨ **ਮਹਾਰਾਣੀ ਪ੍ਰਨੀਤ ਕੌਰ ਜੀ** ਨੇ ਕੀਤਾ। ਵਿਭਾਗ ਵੱਲੋਂ ਪੋਸਟਰ ਮੇਕਿੰਗ ਅਤੇ ਲੇਖ ਲਿਖਣ ਮੁਕਾਬਲੇ ਵੀ ਕਰਵਾਏ ਗਏ।

## ਪੰਜਾਬੀ ਵਿਭਾਗ

ਮਿਤੀ 02.11.2017 ਨੂੰ ਡਾ. ਹਰਵਿੰਦਰਜੀਤ ਕੌਰ (ਸਰਕਾਰੀ ਮਹਿੰਦਰਾ ਕਾਲਜ ,ਪਟਿਆਲਾ) ਨੇ ***'ਝਨਾਂ ਦੇ ਪਾਣੀ : ਨਾਰੀ ਸਸ਼ਕਤੀਕਰਨ'*** ਦੇ ਪ੍ਰਸੰਗ ਵਿੱਚ ਵਿਸਥਾਰ ਭਾਸ਼ਣ ਦਿੱਤਾ। ਮਿਤੀ 13.02.2018 ਨੂੰ ਵਿਭਾਗ ਦੇ ਸਹਿਯੋਗ ਨਾਲ ਪੀਪਲਜ਼ ਆਰਟ ਗਰੁੱਪ ਵਜੋਂ ਕਾਲਜ ਵਿਖੇ ਨੁੱਕੜ ਨਾਟਕ 'ਦਸਤਕ' ਪੇਸ਼ ਕੀਤਾ ਗਿਆ ਜਿਸਦਾ ਉਦੇਸ਼ ਸਮਾਜਿਕ ਬੁਰਾਈਆਂ ਤੇ ਚੋਟ ਕਰਦਿਆਂ ਨੌਜਵਾਨਾਂ ਨੂੰ ਨਵਾਂ ਨਰੋਆ ਸਿਹਤਮੰਦ ਸਮਾਜ ਸਿਰਜਣ ਦਾ ਹਲੂਣਾ ਦੇਣਾ ਸੀ। ਮਿਤੀ 21.02.2018 ਨੂੰ ਮਾਤ ਭਾਸ਼ਾ ਦਿਵਸ ਦੇ ਮੌਕੇ ਪੰਜਾਬੀ ਬੋਲੀ ਦੀ ਅਜੋਕੀ ਸਥਿਤੀ ਤੇ ਸੰਭਾਵਨਾਂਵਾਂ ਸਬੰਧੀ ਪੇਪਰ ਰੀਡਿੰਗ ਕਰਾਈ ਗਈ ਅਤੇ ਸਾਹਿਤਕ ਰੁਚੀਆਂ ਉਜਾਗਰ ਕਰਨ ਲਈ ਵਧ ਤੋਂ ਵਧ ਲਾਇਬ੍ਰੇਰੀ ਜਾਣ ਲਈ ਪ੍ਰੇਰਿਆ। 22.02.2018 ਨੂੰ ਵਿਭਾਗ ਦੇ ਮੁੱਖੀ ਪ੍ਰੋ. ਕੰਵਲਜੀਤ ਕੌਰ ਤੇ ਪ੍ਰੋ. ਅਰੁਣਦੀਪ ਬੀ.ਏ./ਬੀ.ਐਸ.ਸੀ.-3 ਦੀਆਂ ਵਿਦਿਆਰਥਣਾਂ ਨਾਲ ਪੰਜਾਬੀ ਯੂਨੀਵਰਸਿਟੀ ਪੁਸਤਕ ਮੇਲੇ ਵਿੱਚ ਸ਼ਾਮਿਲ ਹੋਏ।

## ਅੰਗਰੇਜ਼ੀ ਵਿਭਾਗ

13 ਸਤੰਬਰ 2017 ਨੂੰ ਫੰਕਸ਼ਨਲ ਇਗਲਿਸ਼ ਬੀ.ਏ.-3 ਦੀਆਂ ਵਿਦਿਆਰਥਣਾਂ ਅਤੇ ਐਮ.ਏ. ਮਿਊਜ਼ਿਕ ਵੋਕਲ ਦੀਆਂ ਵਿਦਿਆਰਥਣਾਂ ਨੂੰ ਪ੍ਰਸਾਰ ਭਾਰਤੀ ਰੇਡੀਓ ਸਟੇਸ਼ਨ ਪਟਿਆਲਾ ਲਿਜਾਇਆ ਗਿਆ। ਵਿਦਿਆਰਥਣਾਂ ਨੇ ਆਪ ਪ੍ਰੋਗਰਾਮ ਦਾ ਸੰਚਾਲਨ ਕੀਤਾ ਅਤੇ ਵੱਖ-ਵੱਖ ਵਿਸ਼ਿਆਂ ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਪ੍ਰੋਗਰਾਮ ***'ਬਹਾਰਾਂ ਪ੍ਰੋਗਰਾਮ'*** ਤਹਿਤ ਰੇਡੀਓ ਤੇ 25 ਸਤੰਬਰ 2017 ਨੂੰ ਪ੍ਰਸਾਰਿਤ ਹੋਇਆ। ਫੰਕਸ਼ਨਲ ਇੰਗਲਿਸ਼ ਬੀ.ਏ.-3 ਦੀਆਂ ਤਿੰਨ ਵਿਦਆਰਥਣਾਂ , ਰੁਬਨੀਤ , ਗੁਰਲੀਨ ਅਤੇ ਨੂਰਪ੍ਰੀਤ ਨੂੰ **'ਯੁਵ ਵਾਨੀ '** ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਮੁੜ ਫੇਰ ਬੁਲਾਇਆ ਗਿਆ ਤੇ ਪ੍ਰੋਗਰਾਮ ਪ੍ਰਸਾਰਿਤ ਹੋਇਆ।

## ਸਰੀਰਿਕ ਸਿੱਖਿਆ ਵਿਭਾਗ

ਵਿਭਾਗ ਵੱਲੋਂ ਮਿਤੀ 16.09.2018 ਨੂੰ ਕਾਲਜ ਦੀ 75ਵੀਂ ਵਰੇਗੰਢ ਦੀ ਲੜੀ ਵਿੱਚ ਸ਼੍ਰੀਮਤੀ ਅੰਮ੍ਰਿਤ ਕੌਰ ਗਿੱਲ (ਆਈ.ਏ.ਐਸ.) ਐਡੀਸ਼ਨਲ ਪ੍ਰਿੰਸੀਪਲ ਸੈਕਟਰੀ ਟੂ ਚੀਫ ਮਨਿਸਟਰ ਪੰਜਾਬ, ਸਪੈਸ਼ਲ ਸੈਕਟਰੀ ਟੂ ਸਪੋਰਟਸ ਐਂਡ ਯੂਥ ਅਫੈਅਰਜ਼ , ਡਾਇਰੈਕਟਰ ਆਫ ਸਪੋਰਟਸ ਪੰਜਾਬ, ਡਾਇਰੈਕਟਰ ਯੂਥ ਸਰਵਿਸਿਜ਼ ਨੇ Value of Sports ਵਿਸ਼ੇ ਤੇ ਭਾਸ਼ਣ ਦਿੱਤਾ ਅਤੇ ਬੱਚਿਆਂ ਦੇ ਪ੍ਰੇਰਣਾ

ਦਾ ਸਰੋਤ ਬਣੇ। ਵਿਭਾਗ ਵੱਲੋਂ ਮਿਤੀ 09.11.2017 ਨੂੰ ਪ੍ਰਿੰਸੀਪਲ ਸਾਹਿਬ ਦੀ ਅਗਵਾਈ ਹੇਠ ਕਾਲਜ ਦੇ ਸਾਰੇ ਵਿਦਿਆਰਥੀਆਂ ਅਤੇ ਸਟਾਫ ਨੂੰ 'ਤੰਦਰੁਸਤੀ ਨਿਆਮਤ ਹੈ' ਦੇ ਸਲੋਗਨ ਅਧੀਨ ਕਸਰਤਾਂ ਸਿਖਾਈਆਂ ਅਤੇ ਕਰਵਾਈਆਂ ਗਈਆਂ। ਮਿਤੀ 26.11.2017 ਨੂੰ ਐਨ.ਸੀ.ਸੀ. ਦਿਵਸ ਮੌਕੇ ਵਿਭਾਗ ਦੀਆਂ ਵਿਦਿਆਰਥਣਾਂ ਨੇ ਖੂਨ ਦਾਨ ਕੀਤਾ।

**ਸਟਾਫ ਦੀਆਂ ਪ੍ਰਾਪਤੀਆਂ**

**ਡਾ. ਤੇਜਿੰਦਰ ਕੌਰ**

- ਡਾ.ਤੇਜਿੰਦਰ ਕੌਰ ਨੂੰ ਪੰਜਾਬੀ ਯੂਨੀਵਰਸਿਟੀ , ਪਟਿਆਲਾ ਵੱਨੋਂ ਫੈਕਲਟੀ ਆਫ ਲਾਈਫ ਸਾਇੰਸਿਜ ਦੀ ਮੈਂਬਰ ਬਣਾਇਆ ਗਿਆ। ਪੰਜਾਬੀ ਯੂਨੀ: ਵੱਲੋਂ ਅੰਡਰ ਗਰੈਜੂਏਟ ਇੰਨ ਹੋਮ ਸਾਇੰਸ ਅਤੇ ਪੋਸਟ ਗਰੈਜੂਏਟ ਇੰਨ ਫੂਡ ਐਂਡ ਨਿਊਟ੍ਰੀਸ਼ਨ ਦੀ ਬੋਰਡ ਆਫ ਸਟੱਡੀਜ਼ ਦਾ ਮੈਂਬਰ ਨਿਯੁਕਤ ਕੀਤਾ ਗਿਆ।
- ਖਾਲਸਾ ਕਾਲਜ ਪਟਿਆਲਾ ਜੋ ਕਿ Autonomous ਕਾਲਜ ਹੈ, ਵੱਲੋਂ ਬੋਰਡ ਆਫ ਸਟੱਡੀਜ਼ ਇਨ ਹੋਮ ਸਾਇੰਸ ਲਈ ਵੀ.ਸੀ. ਨਾਮੀਨੀ ਨਿਯੁਕਤ ਕੀਤਾ ਗਿਆ। ਇਸੇ ਹੀ ਕਾਲਜ ਦੇ ਬੋਰਡ ਆਫ ਸਟੱਡੀਜ਼ ਇਨ ਬੀ. ਵੋਕ, ਫੂਡ ਪਰੋਸੈਸਿੰਗ ਐਂਡ ਇੰਜੀਨੀਅਰਿੰਗ ਲਈ ਐਕੇਡੈਮਿਕ ਮੈਂਬਰ ਚੁਣਿਆ ਗਿਆ।ਖਾਲਸਾ ਕਾਲਜ ਪਟਿਆਲਾ ਦੇ ਪੋਸਟ ਗਰੈਜੂਏਟ ਇਨ ਫੈਸ਼ਨ ਡਿਜਾਇਨ ਐਂਡ ਟੈਕਨਾਲੋਜੀ ਵਿਭਾਗ ਦੇ ਬੋਰਡ ਆਫ ਸਟੱਡੀਜ਼ ਲਈ ਵੀ.ਸੀ. ਨਾਮੀਨੀ ਨਿਯੁਕਤ ਕੀਤਾ ਗਿਆ।
- ਡਾ. ਤੇਜਿੰਦਰ ਕੌਰ ਨੂੰ ਪੰਜਾਬੀ ਯੂਨੀਵਰਸਿਟੀ ਨੇ 21.12.2017 ਨੂੰ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਅਸਿਸਟੈਂਟ ਪ੍ਰੋਫੈਸਰ ਦੀ ਚੋਣ ਲਈ ਬਤੌਰ ਵਿਸ਼ਾ ਮਾਹਰ ਭੇਜਿਆ।ਮਿਤੀ 27.01.2018 ਨੂੰ ਐਸ.ਜੀ.ਪੀ.ਸੀ.ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਟਿਊਟ ਆਫ ਅਡਵਾਂਸ ਸਟੱਡੀਜ਼ ਇੰਨ ਸਿਖਿਇਜ਼ਮ ਬਹਾਦਰਗੜ੍ਹ ਪਟਿਆਲਾ ਵਿਖੇ ਬਤੌਰ ਵਿਸ਼ਾ ਮਾਹਿਰ ਇਨ ਫੈਸ਼ਨ ਟੈਕਨਾਲੋਜੀ ਅਸਿਸਟੈਂਟ ਪ੍ਰੋ. ਲਈ ਭੇਜਿਆ ਗਿਆ।ਆਪ ਵੱਲੋਂ ਮਾਨਵ ਭਾਰਤੀ ਯੂਨੀ: ਸੋਲਨ ਦੇ ਇੱਕ ਵਿਦਿਆਰਥੀ ਨੂੰ ਪੀ.ਐਚ .ਡੀ. ਦੇ ਰਿਸਰਚ ਵਰਕ ਲਈ ਗਾਇਡ ਕੀਤਾ ਜਾ ਰਿਹਾ ਹੈ।

**ਡਾ. ਸ਼ਬਨਮ ਸੋਢੀ (ਜ਼ੂਆਲੋਜੀ)**

- ਮਿਤੀ 09-10 ਫਰਵਰੀ 2018 ਨੂੰ "Recent Advances in Chemical , Biological and Environmental Sciences " ਤੇ ਦੋ ਰੋਜਾ ਰਾਸ਼ਟਰੀ ਕਾਨਫਰੰਸ ਵਿੱਚ ਸ਼ਿਰਕਤ ਕੀਤੀ ਅਤੇ NANo Technoloy a Boon for Controlling Palnt Diseases ਤੇ ਇੱਕ ਪਰਚਾ ਪ੍ਰਸਤੁਤ ਕੀਤਾ।

**ਕੰਵਲਜੀਤ ਕੌਰ ( ਮੁੱਖੀ ਪੰਜਾਬੀ ਵਿਭਾਗ)**

- 21 ਫਰਵਰੀ 2018 ਨੂੰ ' ਮਾਤ ਭਾਸ਼ਾ ਦਿਵਸ ' ਮੌਕੇ ਰਾਜਪੱਧਰੀ ਸਮਾਗਮ ਜੋ ਕਿ ਭਾਸ਼ਾ ਵਿਭਾਗ ਪਟਿਆਲਾ ਵਿਖੇ ਮਨਾਇਆ ਗਿਆ ਵਿੱਚ ਪ੍ਰੋ. ਕੰਵਲਜੀਤ ਕੌਰ ਅਤੇ ਸ਼੍ਰੀਮਤੀ ਨਰਿੰਦਰ ਕੌਰ (ਗੈ.ਫ.)ਨੇ ਬਤੌਰ ਡੈਲੀਗੇਟ ਸ਼ਿਰਕਤ ਕੀਤੀ।

## ਪ੍ਰੋ. ਹਰਤੇਜ ਕੌਰ ਟਿਵਾਣਾ (ਮੁਖੀ ਅੰਗ੍ਰੇਜ਼ੀ ਵਿਭਾਗ)

ਸਾਹਿਤਯ ਅਕੈਡਮੀ ਨਵੀਂ ਦਿੱਲੀ ਦੁਆਰਾ ਮਿਤੀ 30 ਜੂਨ ਤੋਂ 29 ਜੁਲਾਈ 2017 ਤੱਕ ਜੈਪੁਰ ਵਿਖੇ Translation of Short Stories of Women Writers about women ਵਿਸ਼ੇ ਤੇ ਆਯੋਜਿਤ 3 ਰੋਜ਼ਾ ਵਰਕਸ਼ਾਪ ਵਿੱਚ ਸ਼ਿਰਕਤ ਕੀਤੀ।ਇਸ ਲੜੀ ਅਧੀਨ ਆਪ ਨੇ ਦੋ ਸ਼ਾਰਟ ਸਟੋਰੀਜ਼ ਦਾ ਤਰਜੁਮਾ ਕੀਤਾ।

ਸਾਹਿਤਯ ਅਕੈਡਮੀ ਨਵੀਂ ਦਿੱਲੀ ਦੁਆਰਾ ਮਿਤੀ 22 ਤੋਂ 24 ਸਤੰਬਰ 2017 ਤੱਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ Translation of English Poems to Punjabi ਵਿਸ਼ੇ ਤੇ ਆਯੋਜਿਤ 3 ਰੋਜਾ ਵਰਕਸ਼ਾਪ ਵਿੱਚ ਸ਼ਿਰਕਤ ਕੀਤੀ। ਆਪਨੇ 21 ਕਵਿਤਾਵਾਂ ਦਾ ਤਰਜੁਮਾ ਕੀਤਾ। 27 ਜਨਵਰੀ 2018 ਨੂੰ ਖਾਲਸਾ ਕਾਲਜ , ਪਟਿਆਲਾ ਵਿਖੇ ਲੈਕਚਰਾਰ ਦੀ ਨਿਯੁਕਤੀ ਲਈ ਬਤੌਰ ਵਿਸ਼ਾ ਮਾਹਿਰ ਡੀ.ਪੀ.ਆਈ ਨਾਮਿਨੀ ਵਜੋਂ ਗਏ।

## ਡਾ. ਜਗਮੋਹਨ ਸ਼ਰਮਾ – ਐਸੋਸੀਏਟ ਪ੍ਰੋਫੈਸਰ (ਸੰਗੀਤ ਵਾਦਨ)

- ਗੁਰੂ ਨਾਨਕ ਕਾਲਜ ਬੁਢਲਾਡਾ ਵੱਲੋਂ ਪ੍ਰਕਾਸ਼ਿਤ ' ਤ੍ਰਿਵੈਣੀ ਸੰਗੀਤ ਖੋਜ ਪੱਤ੍ਰਿਕਾ' ਜੂਨ 2017 , ਅੰਕ ਪਹਿਲਾ (ISBN -978-93-84789-65-7) ਵਿੱਚ *' Addhunik Film Sangeet: Dasha Awem disha '* ਖੋਜ ਪੱਤਰ ਪ੍ਰਕਾਸ਼ਿਤ ਹੋਇਆ।
- ਆਪ ਅਸਿਸਟੈਂਟ ਪ੍ਰੋ. ਇਨ ਮਿਊਜਿਕ ਦੀ ਚੋਣ ਹਿੱਤ ਬਤੌਰ ਵਿਸ਼ਾ ਮਾਹਿਰ ਅਕਾਲ ਡਿਗਰੀ ਕਾਲਜ ਫਾਰ ਵੂਮੈਨ ਸੰਗਰੂਰ ਮਿਤੀ 10.01.2018 ਅਤੇ ਮੁਲਤਾਨੀ ਮੱਲ ਮੋਦੀ ਪਟਿਆਲਾ ਮਿਤੀ 22.12.2017 ਵਿਖੇ ਗਏ।
- ਖਾਲਸਾ ਕਾਲਜ ਪਟਿਆਲਾ ਵਿਖੇ ਮਿਤੀ 28 ਨਵੰਬਰ 2017 ਨੇ ਵਿਸ਼ਵ ਪ੍ਰਸਿੱਧ ਤਬਲਾ ਵਾਦਕ ' ਰਿੰਪਾ ਸ਼ਿਵਾ' ਦੀ ਸੰਗੀਤਮਈ ਸ਼ਾਮ ਵਿੱਚ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।
- ਖੋਜਾਰਥੀਆਂ ਦੇ ਨਿਗਰਾਨ ਵਜੋਂ ਆਰਟਸ ਐਂਡ ਕਲਚਰ ਫੈਕਲਟੀ ਦੇ ਬੋਰਡ ਆਫ ਪੋਸਟ ਗਰੈਜੂਏਟ ਸਟੱਡੀਜ਼ ਐਂਡ ਰਿਸਚਰਚ ਦੀ ਵਾਈਸ ਚਾਂਸਲਰ ਸਾਹਿਬ ਵੱਲੋਂ ਚੇਅਰ ਕੀਤੀ , ਵੱਖ-ਵੱਖ ਸਮੇਂ ਇਕੱਤਰਤਾ ਵਿੱਚ ਹਿੱਸਾ ਲਿਆ। ਜਿਸ ਵਿੱਚ ਤਿੰਨ ਨਵੇਂ ਖੋਜਾਰਥੀਆਂ ਦੀ ਪੀ. ਐਚ.ਡੀ. ਲਈ ਰਜਿਸਟਰੇਸ਼ਨ ਹੋਈ। ਇੱਕ ਵਿਦਿਆਰਥੀ ਨੂੰ ਪੀ.ਐਚ.ਡੀ. ਡਿਗਰੀ ਅਵਾਰਡ ਅਤੇ ਇੱਕ ਖੋਜਾਰਥੀ ਨੇ ਥੀਸੀਜ ਸਬਮਿਟ ਕੀਤਾ । ਇਸ ਤੋਂ ਇਲਾਵਾ ਖੋਜਾਰਥੀਆਂ ਦੇ ਸਲਾਨਾ ਸੈਮੀਨਾਰਾਂ ਵਿੱਚ ਸ਼ਿਰਕਤ ਕੀਤੀ।
- ਬੋਰਡ ਆਫ ਪੋਸਟ ਗਰੈਜੂਏਟ ਅਤੇ ਅੰਡਰ ਗਰੈਜੂਏਟ ਸਟੱਡੀਜ਼ ਇਨ ਮਿਊਜਿਕ ਦੀ ਇਕੱਤਰਰਤਾ ਵਿੱਚ ਖਾਲਸਾ ਕਾਲਜ ਪਟਿਆਲਾ ਅਤੇ ਮਾਤਾ ਗੁਜਰੀ ਕਾਲਜ , ਫਤਿਹਗੜ੍ਹ ਸਾਹਿਬ ਵਿਖੇ ਬਤੌਰ ਮੈਂਬਰ ਹਿੱਸਾ ਲਿਆ।
- ਬਤੌਰ ਜੱਜ ਜੋਨਲ ਅਤੇ ਇੰਟਰ ਜੋਨਲ ਯੂਥ ਫੈਸਟੀਵਲ ਵਿੱਚ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ , ਸ਼ਿਮਲਾ, ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ: ਕੁਰਕਸ਼ੇਤਰ ਯੂਨੀਵਰਸਿਟੀ ਅਤੇ ਪੰਜਾਬ ਟੈਕਨੀਕਲ ਯੂਨੀਵਰਸਿਟੀ , ਜਲੰਧਰ ਆਦਿ ਦੇ ਕਾਲਜਾਂ ਵਿੱਚ ਸ਼ਿਰਕਤ ਕੀਤੀ।
- ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਮਿਤੀ 09 ਅਪ੍ਰੈਲ 2017 ਨੂੰ ' ਨੈਸ਼ਨਨ ਕਾਨਫਰੰਸ' ਵਿੱਚ ਰੀਸੋਰਸ ਪਰਸਨ ਅਤੇ ਟੈਕਨੀਕਲ ਸੈਸ਼ਨ -2 ਦੇ ਕੋ ਚੇਅਰ ਪਰਸਨ ਵਜੋਂ ਸ਼ਿਰਕਤ ਕਰਨ ਦਾ ਮਾਨ ਪ੍ਰਾਪਤ ਹੋਇਆ।

- ਦਿਆਲਬਾਗ ਇੰਸਟੀਚਿਊਟ (ਡੀਮਡ ਯੂਨੀ) ਆਗਰਾ, ਹਿਮਾਚਲ ਯੂਨੀ, ਸ਼ਿਮਲਾ, ਐਮ.ਡੀ . ਯੂਨੀਵਰਸਿਟੀ , ਰੋਹਤਕ ਵਿਖੇ ਪੀ.ਐਚ.ਡੀ. ਦੇ ਥੀਸੀਜ਼ ਮੁਲਾਂਕਣ ਅਤੇ ਵਾਈਵਾ ਕੰਡਕਟ ਕੀਤਾ। ਇਹਨਾਂ ਤੋਂ ਇਲਾਵਾ ਐਚ.ਐਨ.ਬੀ. ਗੜਵਾਲ ਯੂਨੀਵਰਸਿਟੀ , ਸ੍ਰੀਨਗਰ , ਚੌਧਰੀ ਦੇਵੀਲਾਲ ਯੂਨੀਵਰਸਿਟੀ ਸਿਰਸਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਜੰਮੂ ਯੂਨੀਵਰਸਿਟੀ , ਜੰਮੂ ਆਦਿ ਵਿੱਚ ਪੀ.ਜੀ. ਕਲਾਸਾਂ ਦੇ ਪ੍ਰੈਕਟੀਕਲ ਪ੍ਰੀਖਿਅਕ ਵਜੋਂ ਕਾਰਜ ਕੀਤਾ।

**ਪ੍ਰੋ. ਰਜਿੰਦਰ ਕੌਰ (ਸੰਗੀਤ ਗਾਇਨ)**

- ਪੰਜਾਬੀ ਯੂਨੀ: ਪਟਿਆਲਾ ਦੇ ਅੰਡਰ ਗਰੈਜੂਏਟ ਤੇ ਪੋਸਟ ਗਰੈਜੂਏਟ ਬੋਰਡ ਆਫ ਸਟੱਡੀਜ਼ ਸੰਗੀਤ ਗਾਇਨ ਦੇ ਮੈਂਬਰ ਹਨ।
- ਮਿਤੀ 19/04/2017 ਨੂੰ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਵੱਲੋਂ ਆਯੋਜਿਤ ਰਾਸ਼ਟਰੀ ਸੈਮੀਨਾਰ, ਪਰਵਾਸੀ ਪੰਜਾਬੀ ਸਾਹਿਤ, ਬਦਲਦੇ ਪਰਿਪੇਖ ਵਿੱਚ ਭਾਗ ਲਿਆ।
- ਮਿਤੀ 07 ਨਵੰਬਰ 2017 ਨੂੰ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਰਵਾਏ ਗਏ ਗੁਰਮਤਿ ਸੰਗੀਤ ਉਤਸਵ ਦੋਰਾਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਗਾਤਮਿਕ ਕੀਰਤਨ ਕੀਤਾ। ਇਸ ਸੰਗੀਤ ਉਤਸਵ ਵਿੱਚ ਰਾਗ (ਬਿਲਾਵਲ, ਸਾਰੰਗ ਸਿਰੀ ਰਾਗਾਂ ਵਿੱਚ ਨਿਰਧਾਰਤ ਬਾਣੀ ਦਾ ਸ਼ਬਦ ਗਾਇਨ ਪ੍ਰਸਤੁਤ ਕੀਤਾ । ਪੰਜਾਬੀ ਯੂਨੀ: ਦੇ ਵਾਈਸ ਚਾਂਸਲਰ ਸਾਹਿਬ ਵੱਲੋਂ ਸਨਮਾਨ ਹਾਸਿਲ ਕੀਤਾ।
- ਮਿਤੀ 01 ਫਰਵਰੀ 2018 ਨੂੰ ਨਾਨਕਸਰ ਕੁਟੀਆ ਪਟਿਆਲਾ ਵਿਖੇ ਕਰਵਾਏ ਗਏ ਪੜਤਾਲ ਗਾਇਨ ਦਰਬਾਰ ਵਿੱਚ , ਪੜਤਾਲ ਸ਼ਬਦ ਗਾਇਨ ਪ੍ਰਸਤੁਤ ਕੀਤਾ ਤੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।

**ਪ੍ਰੋ. ਗੁਰਵੀਨ ਕੌਰ (ਫਾਈਨ ਆਰਟਸ)**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਬੋਰਡ ਆਫ ਸਟੱਡੀਜ਼ ਦੇ ਮੈਂਬਰ ਹਨ।ਖਾਲਸਾ ਕਾਲਜ ਪਟਿਆਲਾ, ਆਦਰਸ਼ ਕਾਲਜ ਸਮਾਣਾ, ਦੇਸ਼ ਭਗਤ ਕਾਲਜ ਧੂਰੀ ਅਤੇ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਬਤੌਰ ਵਿਸ਼ਾ ਮਾਹਿਰ ਗਏ। ਆਦਰਸ਼ ਕਾਲਜ ਸਮਾਣਾ ਦੀ ਇੰਸਪੈਕਸ਼ਨ ਦੌਰਾਨ ਆਪ ਕਮੇਟੀ ਮੈਂਬਰ ਵਜੋਂ ਗਏ।

**ਡਾ. ਬਲਵਿੰਦਰ ਕੌਰ (ਹੋਮ ਸਾਇੰਸ)**

- 08 ਨਵੰਬਰ 2017 ਨੂੰ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵੱਲੋਂ ਫੈਸ਼ਨ ਡੀਜਾਇਨਿੰਗ ਵਿਸ਼ੇ ਲਈ ਐਸੋ. ਪ੍ਰੋ. ਦੀ ਚੋਣ ਲਈ ਡੀ.ਪੀ.ਆਈ ਕਾਲਜਾਂ ਦੇ ਨੁਮਾਇੰਦੇ ਵਜੋਂ ਡਿਊਟੀ ਨਿਭਾਈ ਜੋ ਕਿ ਡਾਇਰੈਕਟਰ ਆਫ ਐਜੂਕੇਸ਼ਨ ਐਸ.ਜੀ.ਪੀ.ਸੀ. ਪੰਥਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਚੀਟਿਊਟ ਆਫ ਐਡਵਾਂਸ ਸਟੱਡੀ ਪਟਿਆਲਾ ਵਿਖੇ ਹੋਈ।
- 14 ਨਵੰਬਰ 2017 ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਗਰਲਜ਼ ਕਾਲਜ ਫੱਲੇਂਵਾਲ ਖੁਰਦ ਲਈ ਐਸੋ.ਪ੍ਰੋ. (ਫੈਸ਼ਨ ਡਿਜਾਇਨਿੰਗ) ਵਿਸ਼ੇ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਯੂਨ.: ਨੁਮਾਇੰਦੇ ਵਜੋਂ ਡਿਊਟੀ ਨਿਭਾਈ।

- ਜੂਨ2017 ਵਿੱਚ ਫਰੈਂਡਸ਼ਿਪ ਫੋਰਮ ਵੱਲੋਂ ਬੈਸਟ ਇੰਡੀਅਨ ਪਰਸਨੈਲਿਟੀ ਅਵਾਰਡ 2017 ਦਾ ਅਵਾਰਡ, ਗਲੋਬਲ ਬਰਦਰਹੁਡ ਐਂਡ ਪੀਸ ਸੈਮੀਨਾਰ ਦੌਰਾਨ ਆਪ ਦੀ Outstanding Services and Contribution ਲਈ ਮਿਲਿਆ ।
- ਦੂਸਰਾ ਬੈਸਟ ਇੰਡੀਅਨ ਪਰਸਨੈਲਿਟੀ ਆਫ ਇੰਡੀਆ ਅਵਾਰਡ ਨਾਲ 2017 ਓਿੱਚ ਸਨਮਾਨਿਤ ਕੀਤਾ ਗਿਆ।
- Learned India Educationists , who's who ਵੱਲੋਂ ਇੰਟਰਨੈਸ਼ਨਲ ਬਾਇਓਗਰਾਫੀ ਦੀ ਕਿਤਾਬ ਵਿੱਚ ਬਾਇਓਗਰਾਫੀ ਛਾਪੀ ਗਈ।

**ਪ੍ਰੋ. ਜਤਿੰਦਰ ਜੈਨ (ਫਿਲਾਸਫ਼ੀ)**

RTI 2005 ਵਿਸ਼ੇ ਤੇ ਤਿੰਨ ਦਿਨਾਂ ਦੀ ਟਰੇਨਿੰਗ ਆਫ ਟਰੇਨਰਜ਼ ਵਿੱਚ ਮਿਤੀ 26.02.2018 ਤੋਂ 28.02.2018 ਤੱਕ MGASIPA( Mahatama Gandhi State Institute of Public Administration , Punjab ) ਦੇ ਰੀਜ਼ਨਲ ਸੈਂਟਰ ਵਿਖੇ ਟਰੇਨਿੰਗ ਅਟੈਂਡ ਕੀਤੀ।

**ਡਾ. ਪ੍ਰੀਤਇੰਦਰ ਕੌਰ (ਸੰਗੀਤ ਵਾਦਨ)**

ਆਪ ਨੇ ਅਪ੍ਰੈਲ 2017 ਵਿੱਚ ਪੀ.ਐਚ.ਡੀ. ਦਾ Viva ਦੇ ਕੇ ਮਈ 2017 ਵਿੱਚ ਪ੍ਰੋਵੀਜ਼ਨਲ ਡਿਗਰੀ ਪ੍ਰਾਪਤ ਕੀਤੀ।

**ਡਾ. ਜੀਵਨ ਬਾਲਾ (ਡਾਂਸ)**

ਆਪ ਅਧੀਨ ਬਤੌਰ ਰਿਸਰਚ ਸਕਾਲਰ ਮਨਿੰਦਰ ਕੌਰ ਅਤੇ ਨੇਹਾ ਕੌੜਾ ਦੀ ਪੀ.ਐਚ .ਡੀ. ਵਾਸਤੇ ਐਨਰੋਲਮੈਂਟ ਹੋਈ ਹੈ।2017 ਵਿੱਚ ਰਾਸ਼ਟਰੀ ਸੈਮੀਨਾਰ (ਸੰਗੀਤ /ਨ੍ਰਿਤ ਸਬੰਧੀ) ਟੈਗੋਰ ਥੀਏਟਰ ਚੰਡੀਗੜ੍ਹ ਵਿਖੇ ਬਤੌਰ ਡੈਲੀਗੇਟ ਸ਼ਿਰਕਤ ਕੀਤੀ।

**ਡਾ. ਰਵਿੰਦਰ ਕੌਰ ਸੂਚ ( ਗਣਿਤ)**

RTI 2005 ਵਿਸ਼ੇ ਤੇ ਤਿੰਨ ਦਿਨਾਂ ਦੀ ਟਰੇਨਿੰਗ ਆਫ ਟਰੇਨਰਜ਼ ਵਿੱਚ ਮਿਤੀ 26.02.2018 ਤੋਂ 28.02.2018 ਤੱਕ MGASIPA( Mahatama Gandhi State Institute of Public Administration , Punjab ) ਦੇ ਰੀਜ਼ਨਲ ਸੈਂਟਰ ਵਿਖੇ ਟਰੇਨਿੰਗ ਅਟੈਂਡ ਕੀਤੀ।

**ਪ੍ਰੋ. ਪਿਆਰਾ ਲਾਲ( ਸੰਗੀਤ ਗਾਇਨ)**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੋਸਟ ਗਰੈਜੂਏਟ ਬੋਰਡ ਆਫ ਸਟੱਡੀਜ਼ ਦੇ ਮੈਂਬਰ ਹਨ।14 ਅਕਤੂਬਰ ਨੂੰ ਖੇਤਰੀ ਯੁਵਕ ਮੇਲੇ ਵਿੱਚ ਅਤੇ 18 ਨਵੰਬਰ ਨੂੰ ਕਾਲਜ ਦੀ ਪਲੈਟੀਨਮ ਜੁਬਲੀ ਦੇ ਮੌਕੇ ਤੇ ਸ਼ਾਸ਼ਤਰੀ ਕੱਥਕ ਨ੍ਰਿਤ ਦੀ ਪੇਸ਼ਕਾਰੀ ਨਾਲ ਗਾਇਨ ਕੀਤਾ। **22 ਫਰਵਰੀ 2018 ਅਤੇ 25 ਫਰਵਰੀ 2018 ਨੂੰ ਪਟਿਆਲਾ ਹੈਰੀਟੇਜ ਮੇਲੇ ਵਿੱਚ ਹਿੰਦੁਸਤਾਨ ਦੇ ਨਾਮਵਰ ਕਲਾਕਾਰਾਂ ਸ਼੍ਰੀ ਅਜਯ ਚਕਰਵਰਤੀ ਅਤੇ ਪੰ: ਰਾਜਨ ਸਾਜਨ ਮਿਸ਼ਰਾ ਜੀ ਨਾਲ ਕ੍ਰਮਵਾਰ ਤਾਨਪੁਰੇ ਤੇ ਸੰਗਤ ਕਰਕੇ ਮਹਾਰਾਣੀ ਪ੍ਰਨੀਤ ਕੌਰ ਵੱਲੋਂ ਸਨਮਾਨ ਪ੍ਰਾਪਤ ਕੀਤਾ।**

**ਪ੍ਰੋ. ਸਕਿੰਦਰ ਕੌਰ ( ਹਿਸਟਰੀ)**

31 ਅਕਤੂਬਰ 2017 ਨੂੰ RIMT University ਮੰਡੀ ਗੋਬਿੰਦਗੜ੍ਹ ਵਿਖੇ ਰਾਸ਼ਟਰੀ ਕਾਨਫਰੰਸ ਰੀਸਰਚ ਡਿਵੈਲਪਮੈਂਟ Socio- Economic Change ਵਿੱਚ ਪੇਪਰ ਪ੍ਰਸਤੁਤ ਕੀਤਾ।

**ਪ੍ਰੋ. ਪੁਸ਼ਪਿੰਦਰ (ਡਾਂਸ)**

ਆਪ ਦਾ ਸੰਗੀਤ/ਨ੍ਰਿਤ ਨਾਲ ਸਬੰਧਤ ਇੱਕ ਰਾਸ਼ਟਰੀ ਜਰਨਲ (ਫਰਵਰੀ 2018) ਵਿੱਚ ਇੱਕ ਖੋਜ ਪੱਤਰ ਪ੍ਰਕਾਸ਼ਿਤ ਹੋਇਆ।

**ਪ੍ਰੋ. ਨੀਰੂ ਸੂਰੀ ( ਸੰਗੀਤ ਗਾਇਨ)**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਡਰ ਗਰੈਜੂਏਟ ( ਸੰਗੀਤ ਗਾਇਨ) ਬੋਰਡ ਆਫ ਸਟੱਡੀਜ਼ ਦੇ 2017-18 ਦੇ ਮੈਂਬਰ ਹਨ।

**ਪ੍ਰੋ. ਨੀਤਾ ਮੈਨਰੋ (ਅੰਗ੍ਰੇਜ਼ੀ)**

***'ਪੈਪਸੂ ਦੀ ਪਟਿਆਲਾ ਨੂੰ ਖਾਸ ਦੇਣ - ਪੰਜਾਬ ਵਿੱਚ ਕੁੜੀਆਂ ਦੇ ਪਹਿਲੇ ਸਰਕਾਰੀ ਕਾਲਜ ਨੇ ਪੂਰੇ ਕੀਤੇ ਸ਼ਾਨਾਮੱਤੇ 75 ਸਾਲ '*** ਸਿਰਲੇਖ ਹੇਠ ਆਰਟੀਕਲ 18 ਨਵੰਬਰ 2017 ਨੂੰ ਪੰਜਾਬੀ ਜਾਗਰਣ ਅਖਬਾਰ ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਨਵਦੀਪ ਕਹੋਲ (ਅੰਗ੍ਰੇਜ਼ੀ)**

- 04 ਤੋਂ 24 ਜਨਵਰੀ 2018 ਤੱਕ Information Technology ਵਿਸ਼ੇ ਤੇ UGC-HRDC , ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਰਿਫਰੈਸ਼ਰ ਕੋਰਸ ਲਗਾਇਆ।
- Information Technology ਵਿਸ਼ੇ ਤੇ ਲਿਖਿਆ ਖੋਜ ਪੱਤਰ "Blogging as New Literary Medium and Idiom" Information Technology and Its Impact on Society ਨਾਮਕ ਕਿਤਾਬ ਵਿੱਚ ਛੱਪਿਆ।
- ਪੀ.ਐਚ.ਡੀ. ਮੁਕੰਮਲ ਕਰਨ ਉਪਰੰਤ ਮਿਤੀ 04.03.2018 ਨੂੰ ਡਿਗਰੀ ਪ੍ਰਾਪਤ ਕੀਤੀ।

**ਡਾ. ਕੁਲਵਿੰਦਰ ਕੌਰ (ਡਾਂਸ)**

ਡਾ. ਕੁਲਵਿੰਦਰ ਕੌਰ ਨੇ ਇਸ ਸਾਲ ਦੌਰਾਨ 'ਪੰਜਾਬ ਅਤੇ ਹਰਿਆਣਾ ਦਾ ਸੌਂਦਰਯਾਤਮਕ ਅਤੇ ਤਕਨੀਕੀ ਪੱਖ - ਵਿਸ਼ਲੇਸ਼ਣਾਤਮਕ ਅਧਿਐਨ' ਸਿਰਲੇਖ ਅਧੀਨ ਆਪਣੀ ਪੀ.ਐਚ.ਡੀ. ਮੁਕੰਮਲ ਕੀਤੀ।

**ਪ੍ਰੋ. ਅਰੁਨਦੀਪ (ਪੰਜਾਬੀ)**

ਮਿਤੀ 29.11.2017 ਨੂੰ ਸਰਕਾਰੀ ਸਟੇਟ ਕਾਲਜ ਆਫ ਐਜੂ , ਪਟਿਆਲਾ ਵਿਖੇ ਆਯੋਜਿਤ ਕੀਤੇ ' ਵਿਸ਼ਵ ਏਡਜ਼ ਦਿਵਸ' ਪ੍ਰੋਗਰਾਮ ਵਿੱਚ ਬਤੌਰ ਨੋਡਲ ਅਫਸਰ ਭਾਗ ਲਿਆ।

**ਡਾ. ਸੀਮਾ ਸ਼ਰਮਾ**

ਡਾ. ਸੀਮਾ ਸ਼ਰਮਾ ਨੇ ਲੁਧਿਆਣਾ ਵਿਖੇ ਗੀਨੀਜ਼ ਬੁੱਕ ਆਫ ਵਰਲਡ ਰਿਕਾਰਡ ਦੁਆਰਾ 1083 ਬੱਚਿਆਂ ਦੀ ਕੱਥਕ ਪ੍ਰਸਤੁਤੀ ਵਿੱਚ ਬਤੌਰ ਜੱਜ ਦੀ ਭੂਮਿਕਾ ਨਿਭਾਈ।

**ਪ੍ਰੋ. ਨਿਰਮਲ ਸਿੰਘ (ਸ਼ੋਸ਼ੁਆਲੋਜੀ)**

ਇਲੈਕਸ਼ਨ ਕਮਿਸ਼ਨ ਆਫ ਇੰਡੀਆ ਵੱਲੋਂ 2018 ਲਈ ਬੈਸਟ ਨੋਡਲ ਅਫਸਰ ਅਵਾਰਡ ਪ੍ਰਾਪਤ ਕੀਤਾ।

**ਡਾ. ਅਮਨਦੀਪ ਕੌਰ (ਪੰਜਾਬੀ)**

ਪੰਜਾਬੀ ਟ੍ਰਿਬਿਊਨ ਵਿੱਚ 2 ਲੇਖ ਪ੍ਰਕਾਸ਼ਿਤ ਹੋਏ - ਪੰਜਾਬੀ ਗਾਇਕੀ ਵਿੱਚ ਵਧ ਰਿਹਾ ਪ੍ਰਦੂਸ਼ਣ, ਪੰਜਾਬਣ ਦੇ ਸਿਰ ਦਾ ਸ਼ਿਗਾਰ-ਚੁੰਨੀ ਅਤੇ 'ਵਿਸ਼ਵ ਦਰਸ਼ਨ' ਮੈਗਜੀਨ ਵਿੱਚ *ਜੋ ਇਸ਼ਕ ਨਮਾਜ਼ ਪੜ੍ਹਦੇ ਨੇ* ਪ੍ਰਕਾਸ਼ਿਤ ਹੋਇਆ।

**ਰੀਤਿਕਾ ਅਗਨੀਹੋਤਰੀ (ਗੈਸਟ ਫੈਕਲਟੀ ਅੰਗ੍ਰੇਜ਼ੀ)**

- ਮਿਤੀ 13.01.2018 ਨੂੰ ਗੋਬਿੰਦਗੜ੍ਹ ਪਬਲਿਕ ਕਾਲਜ , ਅਲੌਰ ਵਿਖੇ "Gender Equaliyty and Women Empowerment " ਤੇ ਹੋਏ ਨੈਸ਼ਨਲ ਸੈਮੀਨਾਰ ftZu " A SSearch for Identity : Baby Halder's L Halder's A life Less ordinary " ਨਾਮਕ ਖੋਜ ਪੱਤਰ ਪੇਸ਼ ਕੀਤਾ।
- UGC ਵੱਲੋਂ ਪ੍ਰਮਾਣਿਤ ਅੰਤਰਰਾਸ਼ਟਰੀ ਜਰਨਲ , Quest Journals ਵਿੱਚ " Attaining Selfhood: An Analysis of Baby Halder's A Life Less Ordinary " ( ISSN:2321-9467) ਨਾਮਕ ਖੋਜ ਪੱਤਰ ਪ੍ਰਕਾਸ਼ਿਤ ਹੋਇਆ।

**ਵਿਸ਼ੇਸ਼ ਪ੍ਰਾਪਤੀਆਂ**

**❖ ਖੇਡਾਂ**

ਪੜ੍ਹਾਈ ਦੇ ਨਾਲ-ਨਾਲ ਕਾਲਜ ਦੀਆਂ ਵਿਦਿਆਰਥਣਾਂ ਨੇ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਾਪਤੀਆਂ ਕਰਕੇ ਕਾਲਜ ਦਾ ਮਾਣ ਵਧਾਇਆ ਹੈ।

**ਵੁਸ਼ੂ ਮਾਰਸ਼ਲ**

- ਅਨੁਰਾਧਾ ਦੁਬੈ ਬੀ.ਏ.-3 ਰੋਲ ਨੰਬਰ 3631 ਨੇ ਅੰਤਰ ਕਾਲਜ ਮੁਕਾਬਲਿਆਂ ਦੌਰਾਨ ਵੁਸ਼ੂ ਮਾਰਸ਼ਲ ਵਿੱਚ ਸੀਨੀਅਰ ਨੈਸ਼ਨਲ 2017 ਵਿੱਚ 3 ਸਿਲਵਰ ਮੈਡਲ ਅਤੇ ਅੰਤਰ ਕਾਲਜ ਮੁਕਾਬਲਿਆਂ ਵਿੱਚ 2 ਗੋਲਡ ਮੈਡਲ ਅਤੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਵੀ ਗੋਲਡ ਮੈਡਲ ਪ੍ਰਾਪਤ ਕੀਤੇ।
- ਗੁਰਸ਼ਰਨਦੀਪ ਕੌਰ ਬੀ.ਏ. ਭਾਗ ਤੀਜਾ ਰੋਲ 3048 ਅੰਤਰ ਕਾਲਜ ਮੁਕਾਬਲਿਆਂ ਓਿੱਚ ਤੀਜਾ ਸਥਾਨ ਪ੍ਰਾਪਤ ਕੀਤਾ।
- ਹਰਵਿੰਦਰ ਕੌਰ ਭਾਗ ਤੀਜਾ -3364 ਨੇ ਵੀ ਤੀਜਾ ਸਥਾਨ ਪ੍ਰਾਪਤ ਕੀਤਾ।

**ਕ੍ਰਿਕਟ**

ਭਾਵਨਾ ਕੁਮਾਰੀ ਬੀ.ਏ. ਭਾਗ ਤੀਜਾ , ਰੋਲ ਨੰਬਰ 3166 ਨੇ ਅੰਤਰ ਯੂਨੀਵਰਸਿਟੀ ਕ੍ਰਿਕਟ ਵਿੱਚ ਭਾਗ ਲਿਆ।

**ਤਾਈਕਵਾਂਡੋ**

ਸੁਖਮਨ ਬੀ.ਏ. ਭਾਗ ਪਹਿਲਾ ਰੋਲ ਨੰਬਰ 587 ਨੇ ਸੀਨੀਅਰ ਨੈਸ਼ਨਲ ਤਾਈਕਵਾਂਡੋ ਵਿੱਚ ਗੋਲਡ ਮੈਡਲ ਅਤੇ ਅੰਤਰ ਕਾਲਜ ਮੁੰਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਗੁਰਸ਼ਰਨਦੀਪ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

## ਅਥਲੈਟਿਕਸ

ਨਵਜੋਤ ਕੌਰ ਬੀ.ਏ. ਭਾਗ ਤੀਜਾ ਨੇ 1500 ਮੀਟਰ ਅਤੇ ਸਟਿੱਪਲਚੇਜ਼ ਵਿੱਚ ਅੰਤਰ ਕਾਲਜ ਮੁਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਸੁਖਵੀਰ ਕੌਰ , ਬੀ.ਏ. ਭਾਗ ਪਹਿਲਾ ਨੇ 10,000 ਮੀਟਰ ਵਿੱਚ ਤੀਜਾ ਸਥਾਨ ਹਾਸਿਲ ਕੀਤਾ।

ਖੋ-ਖੋ , ਵਾਲੀਵਾਲ , ਬਾਕਸਿੰਗ, ਕਰਾਸ ਕੰਟਰੀ , ਅਥਲੈਟਿਕਸ, ਤਾਈਕਵਾਂਡੋ, ਵੁਸ਼ੂ ਗੇਮ ਵਿੱਚ ਕਾਲਜ ਦੀ ਟੀਮਾਂ ਨੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆ।

## ❖ ਐਨ.ਸੀ.ਸੀ.

- ਐਨ.ਸੀ.ਸੀ. ਆਰਮੀ ਵਿੰਗ ਵਿੱਚ ਕੁੱਲ 178 ਕੈਡਿਟ ਹਨ।ਲਗਭਗ 10 ਕੈਡਿਟਾਂ ਨੈ 05 ਜੂਨ ਤੋਂ 12 ਜੂਨ 2017 ਤੱਕ ਹਿਮਾਚਲ ਵਿਖੇ ਟਰੈਕਿੰਗ ਕੈਂਪ ਲਗਾਇਆ।
- 4 ਕੈਡਿਟਾਂ ਨੇ 19 ਜੂਨ ਤੋਂ 30 ਜੂਨ 2017 ਤੱਕ ਅੰਮ੍ਰਿਤਸਰ ਵਿਖੇ ਰਾਸ਼ਟਰੀ ਇੰਟੇਗਰੇਸ਼ਨ ਕੈਂਪ ਲਗਾਇਆ।ਲਗਭਗ 150 ਕੈਡਿਟਾਂ ਨੇ 21 ਜੂਨ 2017 ਨੂੰ ਯੋਗ; ਦਿਵਸ ਕੈਂਪ ਵਿੱਚ ਭਾਗ ਲਿਆ।
- 10 ਕੈਡਿਟਾਂ ਨੇ 01 ਜੁਲਾਈ ਤੋਂ 10 ਜੁਲਾਈ 2017 ਤੱਕ ਨਾਭਾ ਵਿਖੇ ਅਤੇ 01 ਕੈਡਿਟ ਨੇ 15 ਅਗਸਤ ਤੋਂ 24 ਅਗਸਤ 2017 ਤੱਕ ਰੋਪੜ ਵਿਖੇ ਥਲ ਸੈਨਿਕ ਕੈਂਪ ਲਗਾਇਆ।
- 14 ਕੈਡਿਟਾਂ ਨੇ 15 ਅਗਸਤ ਤੋਂ 24 ਅਗਸਤ 2017 ਤੱਕ ਮਲੌਟ ਵਿਖੇ ਗਣਤੰਤਰ ਦਿਵਸ ਕੈਂਪ ਲਗਾਇਆ।
- 15 ਅਗਸਤ 2017 ਨੂੰ ਵਾਈ.ਪੀ.ਐਸ. ਵਿਖੇ ਡਰਿੱਲ ਮੁਕਾਬਲੇ ਵਿੱਚ 31 ਕੈਡਿਟਾਂ ਨੇ ਦੂਜਾ ਸਥਾਨ ਹਾਸਿਲ ਕੀਤਾ।
- 04 ਕੈਡਿਟਾਂ ਨੇ 11 ਸੰਤਬਰ ਤੋਂ 21 ਸਤੰਬਰ 2017 ਤੱਕ ਜਲੰਧਰ ਵਿਖੇ ਆਰਮੀ ਅਟੈਚਮੈਂਟ ਕੈਂਪ ਲਗਾਇਆ ਅਤੇ ਸਰਟੀਫਿਕੇਟ ਹਾਸਿਲ ਕੀਤੇ।
- 10 ਕੈਡਿਟਾਂ ਨੇ 18 ਸਤੰਬਰ ਤੋਂ 06 ਅਕਤੂਬਰ ਤੱਕ ਮਿਲਟਰੀ ਹਸਪਤਾਲ ਅਟੈਚਮੈਂਟ ਕੈਂਪ ਪਟਿਆਲਾ ਵਿਖੇ ਲਗਾਇਆ।
- 12 ਕੈਡਿਟਾਂ ਨੇ 03 ਅਕਤੂਬਰ ਤੋਂ 12 ਅਕਤੂਬਰ 2017 ਤੱਕ ਰੋਪੜ ਵਿਖੇ ਗਣਤੰਤਰ ਦਿਵਸ ਕੈਂਪ ਲਗਾਇਆ।
- 50 ਕੈਡਿਟਾਂ ਨੇ 21 ਨਵੰਬਰ ਤੋਂ 30 ਨਵੰਬਰ 2017 ਤੱਕ ਜੀ.ਸੀ.ਜੀ. ਕਾਲਜ ਪਟਿਆਲਾ ਵਿਖੇ ਐਨੂਅਲ ਟਰੇਨਿੰਗ ਕੈਂਪ ਲਗਾਇਆ।
- ਨਿਸ਼ਾ ਰਾਣੀ, ਸੁਖਪ੍ਰੀਤ ਕੌਰ, ਜੈਸਮੀਨ, ਸੁਖਪ੍ਰੀਤ ਕੌਰ ਅਮਨਦੀਪ ਕੌਰ, ਸ਼ਿਵਾਨੀ, ਨਵਜੋਤ ਕੌਰ, ਰੁਪਿੰਦਰ ਕੌਰ, ਅਮਨਪ੍ਰੀਤ ਕੌਰ, ਕਾਜਲ ਪਾਂਡੇ, ਬੇਅੰਤ ਕੌਰ, ਆਸ਼ਾ , ਮਨਪ੍ਰੀਤ ਕੌਰ, ਪ੍ਰਿਅੰਕਾ ਰਾਣੀ, ਰੁਪਿੰਦਰ ਕੌਰ, ਸ਼ਹਿਨਾਜ ਨੇ ਡਰਿੱਲ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਰਟੀਫਿਕੇਟ ਅਤੇ ਟਰਾਫੀ ਹਾਸਿਲ ਕੀਤੀ।

- ਨਿਸ਼ਾ ਰਾਣੀ, ਸੁਖਪ੍ਰੀਤ ਕੌਰ, ਸ਼ਿਵਾਨੀ, ਮਨਪ੍ਰੀਤ ਕੌਰ, ਸੁਖਪ੍ਰੀਤ ਕੌਰ, ਰੁਪੀਂਦਰ ਕੌਰ, ਸ਼ੀਨਾਜ, ਰੁਪਿੰਦਰ ਕੌਰ, ਜੈਸਮੀਨ, ਮਨਜਿੰਦਰਜੀਤ ਕੌਰ, ਅਮਨਪ੍ਰੀਤ ਕੌਰ, ਤਾਨਿਆ, ਕਾਜਲ ਪਾਂਡੇ, ਪੂਜਾ ਨੇ ਗਰੁੱਪ ਡਾਂਸ ਵਿੱਚ ਹਿੱਸਾ ਲਿਆ ਅਤੇ ਪਹਿਲਾ ਸਥਾਨ ਪ੍ਰਾਪਤ ਕਰਕੇ ਟਰਾਫੀ ਹਾਸਿਲ ਕੀਤੀ।
- ਸੀਨੀਅਰ ਅੰਡਰ ਅਫਸਰ ਨਿਸ਼ਾ ਰਾਣੀ ਨੇ ਬੈਸਟ ਕੈਂਪ ਸੀਨੀਅਰ ਦਾ ਗੋਲਡ ਮੈਡਲ ਅਤੇ ਸਰਟੀਫਿਕੇਟ ਹਾਸਿਲ ਕੀਤਾ।
- ਕੈਡਿਟ ਸੁਖਪ੍ਰੀਤ ਕੌਰ ਨੇ ਬੈਸਟ ਨਿਸ਼ਾਨੇਬਾਜ ਦਾ ਗੋਲਡ ਮੈਡਲ ਹਾਸਿਲ ਕੀਤਾ।
- 12 ਕੈਡਿਟਾਂ ਨੇ 25 ਦਸੰਬਰ ਤੋਂ 2 ਜਨਵਰੀ 2018 ਤੱਕ ਨਾਭਾ ਵਿਖੇ 3 ਪੰਜਾਬ ਬਟਾਲੀਅਨ ਨਾਲ 2017 ਐਨੂਅਲ ਟਰੇਨਿੰਗ ਕੈਂਪ ਲਗਾਇਆ।
- 06 ਕੈਡਿਟਾਂ ਨੇ 10ਜਨਵਰੀ ਤੋਂ 21 ਜਨਵਰੀ 2018 ਤੱਕ (NIC) ਨੈਸ਼ਨਲ ਇੰਟੇਗਰੇਸ਼ਨ ਕੈਂਪ ਰੋਪੜ ਵਿਖੇ ਲਗਾਇਆ।
- 31 ਕੈਡਿਟਾਂ ਨੇ 26 ਜਨਵਰੀ 2018 ਨੂੰ ਵਾਈ.ਪੀ.ਐਸ. ਸਟੇਡੀਅਮ ਵਿਖੇ ਪਰੇਡ ਵਿੱਚ ਭਾਗ ਲਿਆ।

### ❖ ਕੌਮੀ ਸੇਵਾ ਯੋਜਨਾ

ਇਸ ਸਮੇਂ ਕਾਲਜ ਵਿੱਚ ਐਨ.ਐਸ.ਐਸ. ਦੇ **ਤਿੰਨ ਯੂਨਿਟ** ਹਨ ਜਿਹਨਾਂ ਵਿੱਚ **300** ਵਲੰਟੀਅਰ ਸ਼ਾਮਿਲ ਹਨ।ਐਨ.ਐਸ.ਐਸ. ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰੋਗਰਾਮ ਅਫਸਰ ਪ੍ਰੋ. ਕੰਵਲਜੀਤ ਕੌਰ ਅਤੇ ਪ੍ਰੋਗਰਾਮ ਅਫਸਰ ਅਰੁਨਦੀਪ ਕੌਰ ਅਤੇ ਡਾ. ਮੀਤਿਕਾ ਗੋਇਲ , ਸੇਵਾਵਾਂ ਨਿਭਾ ਰਹੇ ਹਨ।

ਇਸ ਸੈਸ਼ਨ ਦੌਰਾਨ ਵਿਭਾਗ ਵੱਲੋਂ 3 ਇੱਕ ਰੋਜ਼ਾ ਤੇ ਇੱਕ ਸੱਤ ਰੋਜ਼ਾ(26.09.2017 ਤੋਂ 02.10.2017) ਕੈਂਪ ਲਗਾਏ ਗਏ ਹਨ।28.04.2017 ਨੂੰ 'ਡਰਾਈ ਡੇ' ਮਨਾਉਦਿਆਂ ਪ੍ਰੋ. ਕੰਵਲਜੀਤ ਕੌਰ ਨੇ ਵਲੰਟੀਅਰਾਂ ਨੂੰ ਡੇਂਗੂ ਅਤੇ ਚਿਕਨਗੁਨਿਆਂ ਤੋਂ ਬਚਣ ਬਾਰੇ ਲੈਕਚਰ ਦਿੱਤਾ। ਐਨ.ਐਸ.ਐਸ. ਵੱਲੋਂ ਵੱਖ-ਵੱਖ ਸਮੇਂ **ਕਾਲਜ ਕੈਂਪਸ ਤੇ ਪਿੰਡ ਖੇੜੀ ਗੁਜਰਾਂ** ਵਿਖੇ ਸਫਾਈ ਮੁਹਿੰਮ ਚਲਾਈ ਗਈ, ਚੇਤਨਾ ਰੈਲੀਆਂ ਰਾਂਹੀਂ ਕਾਲਜ ਵਿਦਿਆਰਥਣਾਂ ਤੇ ਪਿੰਡ ਵਾਸੀਆਂ ਨੂੰ ਸਵੱਛਤਾ ਸੰਬੰਧੀ , ਵਾਤਾਵਰਣ ਸਾਫ ਸੁਥਰਾ ਰੱਖਣ, ਵਧ ਤੋਂ ਵੱਧ ਰੁੱਖ ਲਗਾਉਣ, ਬਿਜਲੀ , ਪਾਣੀ ਬਚਾਉਣ ਦਾ ਸੰਦੇਸ਼ ਦਿੱਤਾ ਗਿਆ।Inner Wheel Club ਦੇ ਮਿਸ਼ਨ Each One , Reach One, Teach One , Teach One ਅਧੀਨ 06 ਵਲੰਟੀਅਰਾਂ ਨੇ ਬਾਲਗ ਸਿੱਖਿਆ ਪ੍ਰਦਾਨ ਕਰਨ ਦੇ ਮਿਸ਼ਨ ਵਿੱਚ ਸਫਲ ਹੋਣ ਉਪਰੰਤ , ਮੈਰਿਟ ਸਰਟੀਫਿਕੇਟ ਹਾਸਿਲ ਕੀਤੇ।ਐਨ.ਐਸ.ਐਸ. ਵੱਲੋਂ ਵਾਤਾਵਰਣ ਦਿਵਸ, **ਅਧਿਆਪਕ ਦਿਵਸ, ਐਨ.ਐਸ.ਐਸ. ਸਥਾਪਨਾ ਦਿਵਸ , ਝੰਡਾ ਦਿਵਸ, ਰਾਸ਼ਟਰੀ ਏਕਤਾ ਦਿਵਸ ,ਸੰਵਿਧਾਨ ਦਿਵਸ, ਏਡਜ਼ ਦਿਵਸ, ਵੋਟਰ ਦਿਵਸ ਆਦਿ ਮਨਾਏ ਗਏ।**

ਸਵੱਛਤਾ ਪਖਵਾੜਾ ਮਨਾਉਂਦਿਆਂ ਲੇਖ ਮੁਕਾਬਲਾ, ਭਾਸ਼ਣ ਮੁਕਾਬਲਾ, ਪੋਸਟਰ ਮੇਕਿੰਗ ਮੁਕਾਬਲੇ ਕਰਾਏ ਗਏ।ਸੱਤ ਰੋਜ਼ਾ ਕੈਂਪ ਦੌਰਾਨ ਪ੍ਰੋ. ਕੁਲਵਿੰਦਰ ਕੌਰ ਦੀ ਅਗਵਾਈ ਹੇਠ ਐਨ.ਸੀ.ਸੀ. ਕੈਡਿਟਾਂ ਵੱਲੋਂ ਸੇਵਾ ਪਰਮੋਧਰਮ ਦੇ ਉਦੇਸ਼ ਨੂੰ ਪ੍ਰਗਟਾਉਣ ਵਾਲਾ ਇਕਾਂਗੀ ਨਾਟਕ ਖੇਡਿਆ ਗਿਆ। ਜਿਲਾ ਰੈਡਕਰਾਸ ਤੋਂ DTO ਜਸਪਾਲ ਸਿੰਘ ਨੇ ਕੁਦਰਤੀ ਆਫਤਾਂ ਦੇ ਮਾਰੂ ਪ੍ਰਭਾਵਾਂ ਅਤਦੇ ਉਹਨਾਂ ਤੋਂ ਬਚਾਅ ਬਾਰੇ, ਟਰੈਫਿਕ ਮਾਰਸ਼ਨ ਸ਼੍ਰੀ ਕਾਕਾ ਵਰਮਾ ਨੇ ਬੇਸਿਕ ਫਰਸਟਏਡ, ਸੀ.ਪੀ.ਆਰ ਬਾਰੇ ਲਾਹੇਵੰਦ ਜਾਣਕਾਰੀ ਦਿੱਤੀ।ਮੈਡਮ ਅਲਕਾ ਅਰੋੜਾ ਨੇ ਪਟਾਖਾ ਰਹਿਤ ਦਿਵਾਲੀ ਮਨਾਉਣ ਦੀ ਸਹੁੰ ਚੁਕਾਈ, ਰਿਟਾ: ਕਰਨਲ ਬਿਸ਼ਨ ਦਾਸ ਨੇ ਵਾਤਾਵਰਣੀ ਪ੍ਰਦੂਸ਼ਣ ਦੇ ਮਾਰੂ ਪ੍ਰਭਾਵਾਂ ਤੇ ਚਰਚਾ ਕਰਦਿਆਂ ਵਲੰਟੀਅਰਾਂ ਨੂੰ ਕੁਦਰਤ ਨਾਲ ਸਾਂਝ ਪਾਉਣ ਦਾ ਸੰਦੇਸ਼ ਦਿੱਤਾ।ਵਲੰਟੀਅਰ ਸਮੇਂ-ਸਮੇਂ ਤੇ

ਅਨਾਥ ਆਸ਼ਰਮਾਂ ਅਤੇ ਪਿੰਗਲਾ ਆਸ਼ਰਮ ਜਾ ਕੇ ਖਾਣ ਪੀਣ ਦੀਆਂ ਵਸਤਾਂ , ਕੱਪੜੇ ਆਦਿ ਦਾਨ ਕਰਦੇ ਹਨ, ਉਹਨਾਂ ਨਾਲ ਸਮਾਂ ਬਿਤਾਉਂਦੇ ਹਨ।26 ਨਵੰਬਰ 2017 ਨੂੰ ਐਨ.ਐਸ.ਐਸ. , ਐਨ.ਸੀ.ਸੀ., ਰੈਡ ਰਿਬਨ ਕਲੱਬ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਸਾਂਝੇ ਯਤਨਾਂ ਨਾਲ ਖ਼ੂਨ ਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਵਲੰਟੀਅਰਾਂ ਅਤੇ ਕਈ ਸਟਾਫ ਮੈਂਬਰਾਂ ਨੇ ਖ਼ੂਨ ਦਾਨ ਕੀਤਾ।ਐਨ.ਐਸ.ਐਸ. ਵਲੰਟੀਅਰ ਕਾਲਜ ਵੱਲੋਂ ਵੱਖ-ਵੱਖ ਸਮੇਂ ਲਗਾਈਆਂ ਜਾਂਦੀਆਂ ਡਿਊਟੀਆਂ ਬਾਖੂਬੀ ਨਿਭਾਉਂਦੇ ਹਨ।

## ❖ ਰੈੱਡ ਰਿਬਨ ਕਲੱਬ

ਪੰਜਾਬ ਵਿੱਚ ਸਿਹਤਮੰਦ ਯੁਵਕਾਂ ਦੇ ਵਿਕਾਸ ਨੂੰ ਮੁੱਖ ਰੱਖਦਿਆਂ ਯੁਵਕ ਸੇਵਾਵਾਂ ਪੰਜਾਬ, ਪਟਿਆਲਾ ਦੇ ਸਹਿਯੋਗ ਨਾਲ ਮਾਰਚ 2013 ਵਿੱਚ ਕੈਂਪਸ ਵਿੱਚ ਰੈੱਡ ਰਿਬਨ ਕਲੱਬ ਦਾ ਗਠਨ ਕੀਤਾ ਗਿਆ ਸੀ ਜੋ ਸਮੇਂ -ਸਮੇਂ ਸਿਰ ਰੈਲੀਆਂ , ਪੋਸਟਰ/ਸਲੋਗਨ ਮੁਕਾਬਲਿਆਂ , ਲੈਕਚਰਾਂ ਰਾਂਹੀ ਨਸ਼ੇ, ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਪ੍ਰਤੀ ਜਾਗਰੁਕ ਕਰਦਾ ਹੈ, ਨਾਲ ਹੀ ਸਵੈ-ਇਛੁੱਕ ਖੂਨਦਾਨ ਦੇ ਮਹੱਤਵ ਤੋਂ ਜਾਣੂ ਕਰਾਉਂਦਾ ਹੈ।26 ਨਵੰਬਰ 2017 ਨੂੰ ਰੈੱਡ ਰਿਬਨ ਕਲੱਬ , ਐਨ.ਸੀ.ਸੀ. , ਸਰੀਰਿਕ ਸਿੱਖਿਆ ਵਿਭਾਗਾਂ ਦੇ ਸਾਂਝੇ ਯਤਨਾਂ ਨਾਲ ਖੂਨਦਾਨ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਈ ਸਟਾਫ ਮੈਂਬਰਾਂ ਤੇ ਵਿਦਿਆਰਥਣਾਂ ਨੇ ਖੂਨਦਾਨ ਕੀਤਾ।ਇਸ ਕਲੱਬ ਵੱਲੋਂ ਮਿਤੀ 01.12.2018 ਨੂੰ "ਵਿਸ਼ਵ ਏਡਜ਼ ਦਿਵਸ" ਦੇ ਮੌਕੇ ਚੇਤਨਾ ਰੈਲੀ ਕੱਢ ਕੇ ਯੁਵਾ ਪੀੜ੍ਹੀ ਨੂੰ ਇਸ ਬਿਮਾਰੀ ਪ੍ਰਤੀ ਚੇਤੰਨ ਕੀਤਾ ।

ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ, ਪਟਿਆਲਾ ਵਿਖੇ ***ਵਿਸ਼ਵ ਏਡਜ਼ ਦਿਵਸ*** ਦੇ ਮੌਕੇ ਅਤੇ ***ਰਾਸ਼ਟਰੀ ਵੋਟਰ ਦਿਵਸ*** ਦੇ ਮੌਕੇ ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਸਾਡੀ ਵਿਦਿਆਰਥਣ ਨਵਜੋਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ , ਗੁਰਮੀਤ ਕੌਰ ਨੇ ਸਲੋਗਨ ਲਿਖਣ ਦੇ ਮੁਕਾਬਲਿਆਂ ਵਿੱਚ ਭਾਗ ਲਿਆ।

25 ਜਨਵਰੀ 2018 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ ਜਿਸ ਵਿੱਚ ਡਾ. ਬਾਬਿੰਦਰ ਕੌਰ ਨੇ ਭਾਰਤ ਦੀ ਲੋਕਤੰਤਰ ਪ੍ਰਣਾਲੀ ਅਤੇ ਵੋਟਰਾਂ ਦੀ ਭਾਗੀਦਾਰੀ ਵਿਸ਼ੇ ਤੇ ਵਿਦਿਆਰਥਣਾਂ ਨੂੰ ਜਾਗਰੁਕ ਕੀਤਾ। ਇਸ ਮੌਕੇ ਵਲੰਟੀਅਰਾਂ, ਸਮੂਹ ਸਟਾਫ ਨੂੰ ਲੋਕਤੰਤਰ ਵਿੱਚ ਪੂਰਨ ਆਸਥਾ ਰੱਖਦਿਆਂ ਸਾਰੀਆਂ ਚੋਣਾਂ ਵਿੱਚ ਸਾਂਤੀਪੂਰਣ ਢੰਗ ਨਾਲ ਮਤਦਾਨ ਕਰਨ ਦੀ ਸਹੁੰ ਚੁਕਾਈ ਗਈ।08.02.2018 ਨੂੰ ਸਰਕਾਰੀ ਬਹੁ ਤਕਨੀਕੀ ਕਾਲਜ ਲੜਕੀਆਂ ਪਟਿਆਲਾ ਵਿਖੇ ਰੈੱਡ ਰੀਬਨ ਕਲੱਬਜ਼ ਦੀ ਐਡਵੋਕੇਸੀ ਮੀਟਿੰਗ ਵਿੱਚ ਨੋਡਲ ਅਫਸਰ ਅਰੁਨਦੀਪ ਨੇ ਦੋ ਵਲੰਟੀਅਰਾਂ ਸਮੇਤ ਭਾਗ ਲਿਆ।

## ❖ ਰੈੱਡ ਕਰਾਸ

ਸੈਸ਼ਨ 2017-18 ਦੌਰਾਨ ਰੈੱਡ ਕਰਾਸ ਯੂਨਿਟ ਵਿੱਚ 75 ਵਲੰਟੀਅਰ ਰਜਿਸਟਰ ਕੀਤੇ ਗਏ।ST. John Ambulance (INDIA) Indian Red Cross Society ਵੱਲੋਂ ਫਰਵਰੀ 2017 ਵਿੱਚ ਆਯੋਜਿਤ Home Nursing ਤੇ First Aid ਦੀ ਪਰੀਖਿਆ 88 ਵਿਦਿਆਰਥੀਆਂ ਨੇ ਅਤੇ 06 ਪ੍ਰੋਫੈਸਰ ਸਾਹਿਬਾਨ ਨੇ ਬਤੌਰ ਸੀਨੀਅਰ Student ਪਾਸ ਕੀਤੀ।ਪ੍ਰੋ. ਕਵਲਜੀਤ ਕੌਰ ਨੇ 26 ਸੰਤਬਰ 2017 ਨੂੰ 'ਸਵੱਛ ਭਾਰਤ ਸਵੱਸਥ ਭਾਰਤ ' ਵਿਸ਼ੇ ਤੇ ਲੈਕਚਰ ਦੇ ਕੇ ਵਲੰਟੀਅਰਾਂ ਨੂੰ ਆਲਾ-ਦੁਆਲਾ ਸਾਫ ਰੱਖਣ ਲਈ ਪ੍ਰੇਰਿਆ।

## ❖ ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ

ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ ਵੱਲੋ ਸਮੇਂ-ਸਮੇਂ ਸਿਰ ਵਿਦਿਆਰਥੀਆਂ ਨੂੰ ਭਿੰਨ-ਭਿੰਨ ਕਿਤਿਆਂ ਬਾਰੇ ਜਾਣਕਾਰੀ ਦਿੱਤੀ ਗਈ। ਵਿਭਾਗ ਦੇ ਕਾਰਜਸ਼ੀਲ ਮੈਂਬਰ ਪ੍ਰੋ. ਜਤਿੰਦਰ ਜੈਨ ਵੱਲੋਂ ਵਿਦਿਆਰਥੀਆਂ ਨੂੰ ਇੰਟਰਵਿਊ ਕਿਵੇਂ ਦਿੱਤੀ ਜਾਵੇ ਵਿਸ਼ੇ ਤੇ ਅਤੇ ਪ੍ਰੋ. ਹਰਪ੍ਰੀਤ ਕੌਰ ਵੱਲੋਂ ਬਾਇਓਡਾਟਾ (ਸੀ.ਵੀ.) ਤਿਆਰ ਕਰਨ ਸਬੰਧੀ ਗਿਆਨਵਰਧਕ ਜਾਣਕਾਰੀ ਦਿੱਤੀ।

ਮਿਤੀ 31.01.2018 ਨੂੰ SVIET ਬਨੂੜ ਦੇ ਸਹਿਯੋਗ ਨਾਲ ਇੰਨਫੋਸਿਸ ਕੰਪਨੀ ਦੇ ਸੱਦੇ ਤੇ 18 ਵਿਦਿਆਰਥੀ ਇੰਟਰਵਿਊ ਦੇਣ ਗਏ । ਇਹਨਾਂ ਵਿੱਚੋਂ 2 ਵਿਦਿਆਰਥੀ ਸ਼ਾਰਟ ਲਿਸਟ ਹੋਏ ਤੇ ਇੱਕ ਵਿਦਿਆਰਥੀ ਮਹਿਕਪ੍ਰੀਤ ਕੌਰ ਬੀ.ਸੀ.ਏ. 3 ਦੀ ਪਲੇਸਮੈਂਟ ਹੋਈ।

## ❖ ਵਾਤਾਵਰਣ ਸੁਸਾਇਟੀ

ਵਾਤਾਵਰਣ ਸੰਬੰਧੀ ਚੇਤਨਾ ਪ੍ਰਸਾਰ ਕਰਨ ਅਤੇ ਕਾਲਜ ਕੈਂਪਸ ਨੂੰ ਈਕੋ ਫਰੈਂਡਲੀ ਬਣਾਉਣ ਦੇ ਮੰਤਵ ਨੂੰ ਮੁੱਖ ਰੱਖਦਿਆਂ ਕਾਲਜ ਵਿੱਚ ਵਾਤਾਵਰਣ ਸੁਸਾਇਟੀ ਦਾ ਗਠਨ ਕੀਤਾ ਗਿਆ ਹੈ। ਜਿਸ ਵਿੱਚ ਪ੍ਰੋ. ਸ਼ਬਨਮ ਸੋਢੀ , ਪ੍ਰੋ. ਰੀਚਾ ਬਾਂਸਲ , ਪ੍ਰੋ.ਸੰਦੀਪ ਕੌਰ, ਪ੍ਰੋ. ਪਰਨੀਤ ਕੌਰ(ਕੰਟਰੈਕਚੂਅਲ), ਪ੍ਰੋ. ਸ਼ਿਵਾਨੀ ਸਿੰਗਲਾ ਅਤੇ ਪ੍ਰੋ. ਸ਼ਿਬਾਨੀ ਸ਼ਰਮਾ ਅਤੇ ਦਸ ਵਿਦਿਆਰਥਣਾਂ ਨੂੰ ਮੈਂਬਰ ਬਣਾਇਆ ਗਿਆ ਹੈ। ਇਸ ਸੁਸਾਇਟੀ ਵੱਲੋਂ ਮਿਤੀ 08.02.2018 ਨੂੰ ਐਂਟੀ-ਪੋਲੀਥੀਨ ਡਰਾਈਵ ਚਲਾਈ ਅਤੇ ਪਲਾਸਟਿਕ ਬੈਗ ਨਾ ਵਰਤਣ ਦਾ ਸੰਦੇਸ਼ ਦਿੱਤਾ।ਕਾਲਜ ਵਿੱਚ ਕਈ ਥਾਵਾਂ ਤੇ ਕਮਪੋਸਟ ਪਿੱਟ ਅਤੇ ਦੋ ਵਰਮੀਕਮਪੋਸਟ ਪਿੱਟ ਬਣਾਏ ਗਏ ਜਿਸ ਤੋਂ ਜੈਵਿਕ ਖਾਦ ਪੈਦਾ ਕੀਤੀ ਜਾ ਸਕੇਗੀ।28 ਫਰਵਰੀ 2018 ਨੂੰਸਾਇੰਸ ਦਿਵਸ ਦੇ ਮੌਕੇ ਤੇ ਗਲੋਬਲ ਵਾਰਮਿੰਗ ਵਿਸ਼ੇ ਤੇ ਲੈਕਚਰ ਕਰਵਾਇਆ ਗਿਆ ਜਿਸ ਵਿੱਚ ਪ੍ਰਦੂਸ਼ਣ ਕਾਰਣ ਤੇਜੀ ਨਾਲ ਫੈਲ ਰਹੇ ਖਤਰਿਆਂ ਦਾ ਸੋਝੀ ਕਰਵਾਉਂਦਿਆਂ ਕੁਦਰਤੀ ਵਾਤਾਵਰਣ ਦੀ ਸਾਂਭ -ਸੰਭਾਲ ਲਈ ਪ੍ਰੇਰਿਆ।

## ❖ SVEEP

ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰਾਂ ਨੂੰ ਜਾਗਰੂਕ ਕਰਨ ਸੰਬੰਧੀ SVEEP ( Systematic Voter Education Electoral Particiaption) ਪ੍ਰੋਗਰਾਮ ਅਧੀਨ ਕਾਲਜ ਦੇ 18-19 ਸਾਲ ਦੇ ਉਮਰ ਗਰੁੱਪ ਵਿੱਚ 295 ਵਿਦਿਆਰਥੀਆਂ ਨੂੰ ਬਤੌਰ ਵੋਟਰ ਰਜਿਸਟਰ ਕਰਨ ਲਈ ਫਾਰਮ ਜਿਲਾ ਚੋਣ ਅਫਸਰ ਨੂੰ ਰਜਿਸਟ੍ਰੇਸ਼ਨ ਲਈ ਭੇਜੇ ਗਏ ।ਸਮੇਂ-ਸਮੇਂ ਸਿਰ ਵੱਖੋ-ਵੱਖਰੀਆਂ ਗਤੀਵਿਧੀਆਂ ਰਾਂਹੀ ਵਿਦਿਆਰਥੀਆਂ ਵਿੱਚ ਜਾਗਰੁਕਤਾ ਪੈਦਾ ਕੀਤੀ ਗਈ। ਰਾਸ਼ਟਰੀ ਵੋਟਰ ਦਿਵਸ ਜੋ ਕਿ 25.01.2018 ਨੂੰ ਸਰਕਾਰੀ ਬਹੁਤਕਨੀਕੀ ਕਾਲਜ ਪਟਿਆਲਾ ਵਿਖੇ ਹੋਇਆ ਵਿੱਚ ਪ੍ਰੋ. ਨਿਰਮਲ ਸਿੰਘ ਨੂੰ ਸਰਬੋਤਮ ਨੋਡਲ ਅਫਸਰ ਵਜੋਂ ਸਨਮਾਨਿਤ ਕੀਤਾ ਗਿਆ ਤੇ ਵਿਦਿਆਰਥਣ ਨਵਜੋਤ ਕੌਰ ਨੂੰ ਪੋਸਟਰ ਮੁਕਾਬਲੇ ਓਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਲਈ ਸਨਮਾਨਿਤ ਕੀਤਾ ਗਿਆ।

## ❖ ਸਾਬਕਾ ਵਿਦਿਆਰਥੀ ਸਭਾ

ਸਾਬਕਾ ਵਿਦਿਆਰਥੀ ਸਭਾ ਦੁਆਰਾ , ਸਮੇਂ-ਸਮੇਂ ਸਿਰ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ , ਕਿਤਾਬਾਂ ਲਈ ਖਰਚ ਕੀਤਾ ਜਾਂਦਾ ਹੈ।

ਮੈਡਮ ਅਰੁਨਦੀਪ ਨੇ ਬੀ.ਏ.(1,2,3) ਦੀਆਂ ਪੰਜਾਬੀ ਵਿਸ਼ੇ ਦੀਆਂ ਕਿਤਾਬਾਂ OSA ਦੇ ਬੱਕ ਬੈਂਕ ਨੂੰ ਦਿੱਤੀਆਂ ਜੋ ਕਿ ਲੋੜਵੰਦ ਵਿਦਿਆਰਥੀਆਂ ਵਿੱਚ ਵੰਡੀਆਂ ਗਈਆਂ।ਮੈਡਮ ਅਰੁਨਦੀਪ ਵੱਲੋਂ ਹੀ ਦੋ ਵੱਡੇ ਡਸਟਬਿਨ ਮੁਹੱਈਆ ਕਰਵਾਏ ਗਏ ਜੋ ਕਿ ਸਟਾਫ ਰੂਮ ਅਤੇ ਵਰਾਂਡੇ ਵਿੱਚ ਰਖਵਾਏ ਗਏ।

## ❖ ਕਾਲਜ ਲਾਇਬ੍ਰੇਰੀ

ਕਾਲਜ ਲਾਇਬ੍ਰੇਰੀ ਹਰ ਪੱਖੋਂ ਮੁਕੰਮਲ ਹੈ।ਇੱਥੇ ਵੱਖ-ਵੱਖ ਵਿਸ਼ਿਆ ਨਾਲ ਸਬੰਧਤ **56834** ਪੁਸਤਕਾਂ ਹਨ। ਪੁਸਤਕਾਂ ਦੀ ਜਾਣਕਾਰੀ ਕੰਪਿਊਟਰਾਈਜ਼ਡ ਹੋਣ ਕਰਕੇ ਸਟਾਫ਼ ਅਤੇ ਵਿਦਿਆਰਥਣਾਂ ਲਾਇਬ੍ਰੇਰੀ ਦਾ ਭਰਪੂਰ ਫਾਇਦਾ ਉਠਾ ਰਹੀਆਂ ਹਨ। ਇਸ ਸਮੇਂ ਲਾਇਬ੍ਰੇਰੀ ਵਿੱਚ **18** ਅਖ਼ਬਾਰ **66** ਰਸਾਲੇ ਆਉਂਦੇ ਹਨ ਜੋ ਕਿ ਵਿਦਿਆਰਥਣਾ ਨੂੰ ਕੰਪੀਟੀਸ਼ਨ ਵਾਸਤੇ ਅਪਡੇਟ ਕਰਨ ਲਈ ਮਦਦਗਾਰ ਹਨ। ਲਾਇਬ੍ਰੇਰੀ ਵਿੰਚ ਬੁੱਕ ਬੈਂਕ ਰਾਹੀਂ 20 ਵਿਦਿਆਰਥਣਾਂ ਨੂੰ ਪੂਰੇ ਸਾਲ ਲਈ ਪੁਸਤਕਾ ਮੁਹੱਈਆਂ ਕਰਵਾਈਆਂ ਗਈਆ।ਬੁੱਕ ਬੈਂਕ ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥਣਾਂ ਦੁਆਰਾ ਗਿਫ਼ਟ ਕੀਤੀਆ ਪੁਸਤਕਾਂ ਰਾਹੀਂ ਚੱਲ ਰਿਹਾ ਹੈ।

- **ਬਰਾਡਬੈਂਡ ਦੇ 2 ਇੰਟਰਨੈੱਟ ਕੁਨੈਕਸ਼ਨ** ਲਾਇਬ੍ਰੇਰੀ ਵਿੱਚ ਹੋਣ ਨਾਲ ਅਤੇ **4 ਕੰਪਿਊਟਰ** ਉਪਲਬਧ ਹੋਣ ਨਾਲ ਸਟਾਫ਼ ਅਤੇ ਵਿਦਿਆਰਥਣਾਂ ਨੇ ਵਿਦਿਅਕ ਕੰਮਾਂ ਲਈ ਇਸ ਦਾ ਭਰਪੂਰ ਫ਼ਾਇਦਾ ਉਠਾਇਆ ਹੈ।

- ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ ਜਿਸ ਦੇ ਤਹਿਤ ਈ-ਪੁਸਤਕਾਂ ਅਤੇ ਈ-ਜਰਨਲ ਵਿਦਿਆਰਥੀਆਂ ਅਤੇ ਸਟਾਫ਼ ਨੂੰ ਮੁੱਹਈਆਂ ਕਰਾਏ ਗਏ ਹਨ। ਪਾਸਵਰਡ ਨਾਲ ਅਤੇ ਸਟਾਫ਼ ਅਤੇ ਵਿਦਿਆਰਥਣਾਂ ਘਰ ਬੈਠ ਕੇ ਹੀ ਇੰਟਰਨੈੱਟ ਤੇ ਇਸ ਦਾ ਫਾਇਦਾ ਉਠਾ ਸਕਦੇ ਹਨ।

- ਲਾਇਬ੍ਰੇਰੀ ਸਾਇੰਸ ਦੀਆਂ 7 ਵਿਦਿਆਰਥਣਾਂ ਨੇ ਕਾਲਜ ਲਾਇਬ੍ਰੇਰੀ ਵਿੱਚ ਪ੍ਰੈਕਟੀਕਲ ਕੰਮਾਂ ਦੀ ਟਰੇਨਿੰਗ ਹਾਸਿਲ ਕੀਤੀ ਜੋ ਕਿ ਉਹਨਾਂ ਨੂੰ ਅੱਗੇ ਜਾ ਕੇ ਕਿਸੇ ਵੀ ਸੰਸਥਾ ਵਿੱਚ ਨੌਕਰੀ ਲੈਣ ਲਈ ਸਹਾਈ ਹੁੰਦੀ ਹੈ।

## ❖ ਹੋਸਟਲ

ਕਾਲਜ ਵਿੱਚ ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਵਿਦਿਆਰਥਣਾਂ ਦੀ ਰਿਹਾਇਸ਼ ਲਈ ਹੋਸਟਲ ਦਾ ਵੀ ਪ੍ਰਬੰਧ ਹੈ ਜਿਸ ਵਿੱਚ 90 ਕਮਰੇ ਉਪਲਬਧ ਹਨ ਅਤੇ ਉਹਨਾਂ ਵਿੱਚ 450 ਵਿਦਿਆਰਥਣਾਂ ਦੇ ਰਹਿਣ ਦਾ ਪ੍ਰਬੰਧ ਹੈ।ਹੋਸਟਲ ਵਿੱਚ ਮੈੱਸ, ਗੁਰੂਦੁਆਰਾ ਸਾਹਿਬ , ਰੀਡਿੰਗ ਹਾਲ , ਟੀ.ਵੀ. ਰੂਮ, ਮੁੱਢਲੀ ਸਹਾਇਤਾ ਰੂਮ, ਨਰਸ ਦਾ ਕਮਰਾ ਆਦਿ ਉਪਲਬਧ ਹਨ।ਹੋਸਟਲ ਵਿੱਚ ਵਾਸ਼ਿੰਗ ਮਸ਼ੀਨਾਂ, ਗੀਜ਼ਰ, RO system, water coolers ਦਾ ਵਿਸ਼ੇਸ਼ ਪ੍ਰਬੰਧ ਹੈ। ਵਿਦਿਆਰਥਣਾਂ ਦੇ ਬੋਧਿਕ ਪ੍ਰਸਾਰ ਲਈ ਸਮੇਂ- ਸਮੇਂ ਸਿਰ ਪ੍ਰਸਾਰ ਭਾਸ਼ਣਾਂ, ਨਾਟਕਾਂ , ਸਭਿਆਚਾਰਕ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ।21 ਜੂਨ 2017 ਨੂੰ ਹੋਸਟਲ ਵਿੱਚ ਯੋਗਾ ਕੈਂਪ ਦਾ ਆਯੋਜਨ ਕੀਤਾ ਗਿਆ।11 ਸਤੰਬਰ 2017 ਨੂੰ ਹੋਸਟਲ ਵਿੱਚ Sanitary (ਸਫਾਈ ਅਤੇ ਤੰਦਰੁਸਤੀ ) ਸਬੰਧੀ ਲੈਕਚਰ ਕਰਵਾਇਆ ਗਿਆ।24 ਨਵੰਬਰ 2017 ਨੂੰ ਸਵੱਛਤਾ ਮੁਹਿੰਮ ਅਧੀਨ ਲੈਕਚਰ ਕਰਵਾਹਿਆ ਗਿਆ ਅਤੇ ਆਲਾ-ਦੁਆਲਾ ਸਾਫ ਰੱਖਣ ਲਈ ਪ੍ਰੇਰਿਆ। ਇਸ ਤੋਂ ਛੁੱਟ VLCC, ਹੈਲਥ ਕੇਅਰ ਸਬੰਧੀ ਲੈਕਚਰ ਵੀ ਕਰਵਾਏ ਗਏ। ਰੋਜਾਨਾ ਸ਼ਾਮ ਦੀ ਹਾਜ਼ਰੀ ਸਮੇਂ ਵਿਦਿਆਰਥਣਾਂ ਨੂੰ Current Topic ਤੇ ਬੋਲਣ ਲਈ ਪੇਰਿਆ ਜਾਂਦਾ ਹੈ।ਹਰ ਸਾਲ ਹੋਸਟਲ ਦੀਆਂ ਵਿਦਿਆਰਥਣਾਂ ਵੱਲੋਂ ਬੜੀ ਹੀ ਸ਼ਰਧਾ ਨਾਲ ਸ਼੍ਰੀ ਆਖੰਡ ਪਾਠ ਕਰਾਇਆ ਜਾਂਦਾ ਹੈ ਜਿਸ ਵਿੱਚ ਸਮੂਹ ਸਟਾਫ ਤੇ ਬਹੁ ਗਿਣਤੀ ਵਿੱਚ ਵਿਦਿਆਰਥਣਾਂ ਸ਼ਾਮਿਲ ਹੁੰਦੀਆਂ ਹਨ।

**ਧੰਨਵਾਦ**

ਮੈਂ ਸਾਲਾਨਾ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਪ੍ਰੋ. (ਡਾ.) ਬੀ.ਐਸ. ਘੁੰਮਣ ਜੀ ਦਾ ਤਹਿ-ਦਿਲੋਂ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢਕੇ ਸਾਨੂੰ ਨਿਵਾਜਿਆ ਹੈ।

ਦੂਰੋਂ ਨੇੜਿਓਂ ਆਏ ਮਹਿਮਾਨ, ਵੱਖ-ਵੱਖ ਨੁਮਾਇੰਦੇ, ਪੱਤਰਕਾਰ ਅਤੇ ਸੁੱਰਖਿਆ ਕਰਮਚਾਰੀ ਸਭ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਸਮਾਗਮ ਵਿੱਚ ਸ਼ਾਮਿਲ ਹੋ ਕੇ ਸਾਨੂੰ ਨਿਵਾਜਿਆ ਹੈ।

ਮੈਂ ਆਪਣੇ ਕਾਲਜ ਦੇ ਪ੍ਰਧਿਆਪਕ ਮੰਡਲ, ਦਫ਼ਤਰੀ ਸਟਾਫ, ਲੈਬਾਰਟਰੀ ਸਟਾਫ਼ ਅਤੇ ਦਰਜਾ ਚਾਰ ਕਰਮਚਾਰੀਆਂ ਦੀ ਵੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸ਼ਿੱਦਤ ਨਾਲ ਜ਼ਿੰਮੇਵਾਰੀਆਂ ਨਿਭਾਈਆਂ ਹਨ ਅਤੇ ਸਮਾਰੋਹ ਨੂੰ ਸਫ਼ਲ ਬਣਾਇਆ ਹੈ।ਵੱਖ-ਵੱਖ ਖੇਤਰਾਂ ਵਿੱਚ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ ਤੇ ਮੁਬਾਰਕਬਾਦ ਦਿੰਦੀ ਹਾਂ। ਇਸ ਸਮਾਗਮ ਵਿੱਚ ਸ਼ਾਮਿਲ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਇੱਕ ਵਾਰ ਫਿਰ ਦਿਲੋਂ ਧੰਨਵਾਦ ਕਰਦੀ ਹਾਂ।

ਡਾ. ਚਿਰੰਜੀਵ ਕੌਰ
ਪ੍ਰਿੰਸੀਪਲ